# PROSPECTUS

## 2023-24

## ਜਾਣਕਾਰੀ ਪੁਸਤਿਕਾ

TRUTH IS IMMORTAL

Estd. 1970






# ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲਾ (ਕਪੂਰਥਲਾ)

# Guru Nanak Prem Karamsar College, Nadala (Kapurthala)

(NAAC Accredited, Multi-Faculty, Co-Educational, Affiliated to Guru Nanak Dev University, Amritsar)

# Pearls of the College 2023-24



**Parwinder Kaur**
PGDCA Sem.-I (76.8%)



**Prika Sharma**
M.A. Sem.-I (Pol. Sc.) (67.8%)



**Kamaldeep Kaur**
B.A. Sem.-V (74%) (University Merit Holder)



**Anureet Cheema**
B.A. Sem.-III (72.5%)



**Baljit Kaur**
B.A. Sem.-I (63.8%)



**Ramandeep Kaur**
B.Com. Sem.-V (64.6%)



**Jashanpreet Kaur**
B.Com. Sem.-III (69.7%)



**Sharanjit Kaur**
B.Com. Sem.-I (73.4%)



**Daljit Kaur**
B.Sc. (Eco.) Sem.-III (63.8%)



**Roopvir Kaur**
B.C.A. Sem.-III (83%)



**Manpreet Kaur**
BCA Sem.-I (74.5%)



**Simarpreet Singh**
B.Com. Sem.-I
Best NSS Boys Camper



**Manpreet Kaur**
B.C.A. Sem.-III
Best NSS (Girls) Camper



**Gursharan Singh**
B.Com. Sem.-II
Best Athlete (Boys)



**Simranjit Kaur**
B.Com. Sem.-V
Best Athlete (Girls)



**Harnoor Kaur**
B.C.A. Sem.-V
Zonal Youth Festival
Position Holder



**Sandeep Kaur**
Best NCC Cadet



**Komalpreet Kaur**
Best NCC Cadet

# ਸੰਦੇਸ਼



ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲਾ ਦੀ ਸਥਾਪਨਾ ਸਤਿਕਾਰਯੋਗ ਸੱਚਖੰਡ ਵਾਸੀ ਸੰਤ ਬਾਬਾ ਮਾਝਾ ਸਿੰਘ ਜੀ, ਡੇਰਾ ਹੋਤੀ ਮਰਦਾਨ, ਜਿਹੜਾ ਕਿ ਅੱਜਕਲ੍ਹ ਮਕਸੂਦਪੁਰ (ਕਪੂਰਥਲਾ) ਵਿਖੇ ਸਥਿਤ ਹੈ, ਦੀ ਅਗਵਾਈ ਹੇਠ 1969 ਵਿੱਚ ਸਿੱਖ ਧਰਮ ਦੇ ਬਾਨੀ, ਮਾਨਵਤਾ ਦੇ ਰਹਿਬਰ ਅਤੇ ਸਾਂਝੀਵਾਲਤਾ ਦੇ ਪ੍ਰਤੀਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪਾਵਨ ਪ੍ਰਕਾਸ਼ ਪੁਰਬ ਦੇ ਮੌਕੇ ਉੱਪਰ ਗੁਰੂ ਸਾਹਿਬ ਅਤੇ ਪਰਮਾਤਮਾ ਤੋਂ ਵਰੋਸਾਏ ਹੋਏ ਮਹਾਂਪੁਰਖਾਂ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲਾ ਅਤੇ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਯਾਦ ਵਿੱਚ ਕੀਤੀ ਗਈ। ਇਸਦਾ ਨੀਂਹ ਪੱਥਰ 21 ਦਸੰਬਰ 1969 ਨੂੰ ਉਸ ਸਮੇਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ ਨੇ ਰੱਖਿਆ ਸੀ। ਇਹ ਕਾਲਜ, ਜੋ ਕਿ ਆਪਣੀ ਸਥਾਪਨਾ ਤੋਂ ਹੀ ਤਰੱਕੀ ਕਰਦਾ ਆ ਰਿਹਾ ਹੈ, ਮੌਜੂਦਾ ਸਮੇਂ ਵਿੱਚ ਇਲਾਕੇ ਦੇ ਨੌਜਵਾਨਾਂ ਦੀਆਂ ਆਰਟਸ, ਕੰਪਿਊਟਰ ਸਾਇੰਸ, ਕਾਮਰਸ ਅਤੇ ਇਕਨਾਮਿਕਸ ਫੈਕਲਟੀਆਂ ਵਿੱਚ ਅਕਾਦਮਿਕ ਜ਼ਰੂਰਤਾਂ ਪੂਰੀਆਂ ਕਰ ਰਿਹਾ ਹੈ। ਨਡਾਲਾ ਬੱਸ ਸਟੈਂਡ ਦੇ ਬਿਲਕੁਲ ਨਜ਼ਦੀਕ ਹੀ ਭੁਲੱਥ ਰੋਡ ਉੱਪਰ ਸਥਿਤ 'ਰਾਸ਼ਟਰੀ ਮੁਲਾਂਕਣ ਅਤੇ ਨਿਰੀਖਣ ਕੌਂਸਲ' (NAAC) ਬੈਂਗਲੌਰ ਤੋਂ ਪ੍ਰਮਾਣਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਮਾਨਤਾ ਪ੍ਰਾਪਤ, ਇਹ ਸਹਿ ਸਿੱਖਿਆ ਕਾਲਜ ਇਲਾਕੇ ਦੇ ਵਿਦਿਆਰਥੀਆਂ ਵਾਸਤੇ **ਬੀ.ਏ.** ਦੇ ਤਿੰਨ ਸਾਲਾ ਡਿਗਰੀ ਕੋਰਸ ਦੇ ਨਾਲ-ਨਾਲ ਕਿੱਤਾ ਮੁੱਖੀ ਕੋਰਸਾਂ **ਬੀ.ਐਸ.ਸੀ. (ਇਕਨਾਮਿਕਸ), ਬੀ.ਕਾਮ., ਬੀ.ਸੀ.ਏ., ਪੀ.ਜੀ.ਡੀ.ਸੀ.ਏ. ਅਤੇ ਐਮ.ਏ. (ਪੋਲੀਟੀਕਲ ਸਾਇੰਸ)** ਲਈ ਗੁਣਾਤਮਕ ਸਿੱਖਿਆ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ। ਕਾਲਜ ਨੇ ਅਕਾਦਮਿਕ ਅਤੇ ਖੇਡਾਂ ਦੇ ਖੇਤਰ ਵਿੱਚ ਆਪਣਾ ਇੱਕ ਵਿਸ਼ੇਸ਼ ਸਥਾਨ ਬਣਾਇਆ ਹੋਇਆ ਹੈ। ਇੱਥੋਂ ਦੇ ਵਿਦਿਆਰਥੀ ਹਰ ਸਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਮੈਰਿਟ ਲਿਸਟ ਵਿੱਚ ਆਉਂਦੇ ਹਨ ਅਤੇ ਖਿਡਾਰੀ ਯੂਨੀਵਰਸਿਟੀ, ਅੰਤਰ-ਯੂਨੀਵਰਸਿਟੀ ਤੇ ਰਾਜ ਪੱਧਰ ਦੇ ਮੁਕਾਬਲਿਆਂ ਵਿੱਚ ਮੈਡਲ ਜਿੱਤ ਕੇ ਕਾਲਜ ਦਾ ਨਾਮ ਰੌਸ਼ਨ ਕਰਦੇ ਆ ਰਹੇ ਹਨ। ਸੈਸ਼ਨ 2022-23 ਦੌਰਾਨ ਕਾਲਜ ਦੇ ਲੜਕਿਆਂ ਦੀ ਕ੍ਰਿਕੇਟ ਟੀਮ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ 'ਬੀ' ਡਵੀਜ਼ਨ ਇੰਟਰ ਕਾਲਜ ਚੈਂਪੀਅਨਸ਼ਿਪ ਜਿੱਤੀ ਹੈ ਅਤੇ ਲੜਕੀਆਂ ਦੀ ਟੀਮ ਨੇ ਸਿਲਵਰ ਮੈਡਲ ਜਿੱਤਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੁਆਰਾ ਸੈਸ਼ਨ 2020-23 ਦੇ ਸਮੈਸਟਰ ਮਈ 2023ਵਿੱਚ ਹੋਈ ਪ੍ਰੀਖਿਆ ਦੇ ਫਾਈਨਲ ਨਤੀਜੇ ਅਜੇ ਐਲਾਨੇ ਜਾਣੇ ਹਨ।

ਇਹ ਕਾਲਜ ਗੁਣਾਤਮਕ ਸਿੱਖਿਆ ਦੇ ਨਾਲ-ਨਾਲ ਵਿਦਿਆਰਥੀਆਂ ਦੀ ਸ਼ਖਸੀਅਤ ਦੇ ਸਮੁੱਚੇ ਵਿਕਾਸ ਉੱਪਰ ਵੀ ਜ਼ੋਰ ਦਿੰਦਾ ਹੈ। ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਸੇਵਾ ਅਤੇ ਤਿਆਗ ਦੇ ਚੰਗੇ ਗੁਣ ਪੈਦਾ ਕਰਨ ਲਈ ਉਨ੍ਹਾਂ ਨੂੰ ਨੈਤਿਕ ਸਿੱਖਿਆ ਵੀ ਦਿੱਤੀ ਜਾਂਦੀ ਹੈ। ਵਿਦਿਆਰਥੀਆਂ ਦੀ ਤਰੱਕੀ ਅਤੇ ਭਲਾਈ ਬਾਰੇ ਉਹਨਾਂ ਦੇ ਮਾਪਿਆਂ ਨੂੰ ਸਮੇਂ-ਸਮੇਂ ਤੇ ਜਾਣਕਾਰੀ ਭੇਜੀ ਜਾਂਦੀ ਹੈ। ਇਲਾਕੇ ਦੇ ਵਿਦਿਆਰਥੀਆਂ, ਖਾਸ ਕਰਕੇ ਲੜਕੀਆਂ, ਦੀ ਸਹੂਲਤ ਵਾਸਤੇ ਕਾਲਜ ਪ੍ਰਬੰਧਕੀ ਕਮੇਟੀ ਨੇ ਤਿੰਨ ਬੱਸਾਂ ਦਾ ਪ੍ਰਬੰਧ ਕਰਕੇ ਦਿੱਤਾ ਹੈ, ਜਿਨ੍ਹਾਂ ਦਾ ਵਿਦਿਆਰਥੀ ਵਿਸ਼ੇਸ਼ ਲਾਭ ਉੱਠਾ ਸਕਦੇ ਹਨ।

ਇੱਕ ਤਜਰਬੇਕਾਰ ਅਤੇ ਸਮਰਪਿਤ ਫੈਕਲਟੀ, ਪ੍ਰਭਾਵਸ਼ਾਲੀ ਤੇ ਕ੍ਰਿਆਸ਼ੀਲ ਅਧਿਐਨ ਤੇ ਅਧਿਆਪਨ ਕਿਰਿਆਵਾਂ ਦੇ ਨਾਲ-ਨਾਲ ਸਹਿ-ਸਿੱਖਿਅਕ ਕਿਰਿਆਵਾਂ, ਹਾਈਟੈਕ ਕੰਪਿਊਟਰ ਪ੍ਰਯੋਗਸ਼ਾਲਾਵਾਂ, ਜਿਨ੍ਹਾਂ ਵਿੱਚ 70 ਤੋਂ ਵੱਧ ਕੰਪਿਊਟਰ ਹਨ, Wi-Fi ਕੈਂਪਸ, ਸਮਾਰਟ ਕਲਾਸ ਰੂਮ, ਇੰਗਲਿਸ਼ ਲੈਂਗੂਐਜ ਲੈਬ, ਲੜਕੀਆਂ ਦਾ ਵੱਖਰਾ ਕਾਮਨ ਹਾਊਸ, ਆਨ-ਲਾਇਨ ਓਪਨ ਅਸੈਸ ਇੰਨ ਲਾਇਬ੍ਰੇਰੀ (Koha Software), ਯੂ.ਜੀ.ਸੀ. ਸਪਾਂਸਰਡ ਕੈਰੀਅਰ ਅਤੇ ਕਾਂਊਸਲਿੰਗ ਸੈੱਲ, ਪੜ੍ਹਾਈ ਵਿੱਚ ਕਮਜ਼ੋਰ ਵਿਦਿਆਰਥੀਆਂ ਲਈ ਵਿਸ਼ੇਸ਼ ਕਲਾਸਾਂ, ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਫ਼ੀਸ ਵਿੱਚ ਛੋਟ ਅਤੇ ਵਜ਼ੀਫੇ, ਘੱਟ ਗਿਣਤੀ ਵਿਦਿਆਰਥੀਆਂ ਲਈ ਵਜ਼ੀਫੇ, ਕੁਦਰਤ ਪੱਖੀ ਸ਼ਾਂਤ ਵਾਤਾਵਰਨ, ਸ਼ਾਨਦਾਰ ਕੈਂਪਸ, ਮਲਟੀਪਰਪਜ਼ ਆਡੀਟੋਰੀਅਮ, ਖੁੱਲ੍ਹੇ ਖੇਡ ਦੇ ਮੈਦਾਨ, ਪਿਊਰੀਫਾਈਡ ਵਾਟਰ ਕੂਲਰ ਅਤੇ ਅਵਾਜ਼ ਰਹਿਤ ਜੈਨਰੇਟਰ ਆਦਿ ਇਸ ਕਾਲਜ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਹਨ, ਜੋ ਵਿਦਿਆਰਥੀਆਂ ਦੀ ਸਮੁੱਚੀ ਸ਼ਖਸੀਅਤ ਦੇ ਵਿਕਾਸ ਵਿੱਚ ਸਹਾਇਤਾ ਕਰਦੀਆਂ ਹਨ, ਤਾਂ ਕਿ ਉਹ ਉੱਚ ਆਚਰਣ, ਉੱਚੀ ਸੋਚ ਅਤੇ ਸੁਹਿਰਦਤਾ ਨਾਲ ਆਪਣੇ ਮਾਤਾ-ਪਿਤਾ, ਸੰਸਥਾ, ਦੇਸ਼ ਅਤੇ ਕੌਮ ਦਾ ਨਾਮ ਰੌਸ਼ਨ ਕਰ ਸਕਣ।

**ਸੰਤ ਰੋਸ਼ਨ ਸਿੰਘ ਹੋਤੀ ਮਰਦਾਨ**
**ਜੀਵਨ ਪ੍ਰਧਾਨ, ਕਾਲਜ ਪ੍ਰਬੰਧਕੀ ਕਮੇਟੀ**

# ਪ੍ਰਿੰਸੀਪਲ ਵੱਲੋਂ

ਪਿਆਰੇ ਵਿਦਿਆਰਥੀਓ !

ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲਾ ਦੇ 53ਵੇਂ ਅਕਾਦਮਿਕ ਵਰ੍ਹੇ ਵਿੱਚ ਦਾਖ਼ਲਾ ਲੈਣ ਲਈ ਖੁਸ਼ਆਮਦੀਦ !

ਅੱਜ ਦੇ ਹਾਈਟੈਕ, ਮਸ਼ੀਨੀ ਅਤੇ ਨਿੱਜੀਕਰਣ ਦੇ ਯੁੱਗ ਵਿੱਚ ਥਾਂ-ਥਾਂ ਉੱਪਰ ਸਿੱਖਿਆ ਸੰਸਥਾਵਾਂ ਖੁੱਲ ਗਈਆਂ ਹਨ। ਗੁਣਾਤਮਕ ਦੀ ਬਜਾਏ ਗਿਣਿਆਤਮਕ ਸਿੱਖਿਆ ਵਿਦਿਅਕ ਸੰਸਥਾਵਾਂ ਦਾ ਮੁੱਖ ਉਦੇਸ਼ ਬਣ ਗਿਆ ਹੈ। ਧਾਰਮਿਕ ਅਤੇ ਚੈਰੀਟੇਬਲ ਸੰਸਥਾਵਾਂ ਦੀ ਜਗ੍ਹਾ ਵਪਾਰਕ ਅਤੇ ਉਦਯੋਗਿਕ ਘਰਾਣੇ ਵਿਦਿਅਕ ਸੰਸਥਾਵਾਂ ਖੋਲਣ ਲੱਗ ਪਏ ਹਨ। ਸਿੱਟੇ ਵਜੋਂ ਸਿੱਖਿਆ ਦਾ ਵਪਾਰੀਕਰਣ ਹੋਣ ਨਾਲ ਇਸ ਦਾ ਮਿਆਰ ਦਿਨ-ਬ-ਦਿਨ ਗਿਰ ਰਿਹਾ ਹੈ। ਅਜਿਹੀ ਸਥਿਤੀ ਵਿੱਚ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਲਈ ਸਹੀ ਵਿਦਿਅਕ ਸੰਸਥਾ, ਜੋ ਗੁਣਾਤਮਕ ਸਿੱਖਿਆ ਪ੍ਰਦਾਨ ਕਰ ਸਕੇ, ਦੀ ਚੋਣ ਕਰਨੀ ਅਤਿ ਜ਼ਰੂਰੀ ਬਣ ਗਈ ਹੈ। ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲਾ, ਇਸ ਸੰਦਰਭ ਵਿੱਚ ਇਲਾਕੇ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਆਦਰਸ਼ ਵਾਤਾਵਰਨ ਪ੍ਰਦਾਨ ਕਰਨ ਵਾਸਤੇ ਲਗਾਤਾਰ ਯਤਨਸ਼ੀਲ ਹੈ।

ਇਹ ਕਾਲਜ ਸੰਤ ਰੋਸ਼ਨ ਸਿੰਘ ਜੀ ਹੋਤੀ ਮਰਦਾਨ (ਮਕਸੂਦਪੁਰ) ਵਾਲਿਆਂ ਦੇ ਮਾਰਗ-ਦਰਸ਼ਨ ਅਤੇ ਸਰਪ੍ਰਸਤੀ ਹੇਠ, ਯੋਗ ਅਤੇ ਮਿਹਨਤੀ ਅਧਿਆਪਕਾਂ ਦੇ ਸਹਿਯੋਗ ਤੇ ਆਧੁਨਿਕ ਸਹੂਲਤਾਂ ਨਾਲ ਲੈੱਸ ਇਲਾਕੇ ਦੇ ਵਿਦਿਆਰਥੀਆਂ ਲਈ ਬੀ.ਏ. ਤੋਂ ਇਲਾਵਾ ਬੀ.ਐਸ.ਸੀ. (ਇਕਨਾਮਿਕਸ), ਬੀ.ਸੀ.ਏ., ਬੀ.ਕਾਮ., ਪੀ.ਜੀ.ਡੀ.ਸੀ.ਏ. ਅਤੇ ਐਮ.ਏ. (ਪੋਲੀਟੀਕਲ ਸਾਇੰਸ) ਕੋਰਸ ਚਲਾ ਰਿਹਾ ਹੈ। ਅਕਾਦਮਿਕ ਸੈਸ਼ਨ 2020-21 ਤੋਂ ਫੰਕਸ਼ਨਲ ਪੰਜਾਬੀ (ਵੋਕੇਸ਼ਨਲ) ਦਾ ਵਿਸ਼ਾ ਚੋਣਵੇਂ ਵਿਸ਼ੇ ਦੇ ਤੌਰ 'ਤੇ ਬੀ.ਏ. ਸਮੈਸਟਰ ਪਹਿਲਾ ਵਿੱਚ ਸ਼ੁਰੂ ਕੀਤਾ ਗਿਆ ਹੈ। ਸੈਸ਼ਨ 2021-22 ਤੋਂ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਿਤਾ ਪ੍ਰਾਪਤ ਸਕਿਲ ਅਧਾਰਿਤ 'ਸਰਟੀਫਿਕੇਟ ਕੋਰਸ ਇਨ ਸਟਾਕ ਮਾਰਕੀਟ ਅਤੇ ਟਰੇਡਿੰਗ ਅਪ੍ਰੇਸ਼ਨ' ਤੋਂ ਸ਼ੁਰੂ ਕੀਤਾ ਗਿਆ ਹੈ। ਅੱਜ ਦੇ ਅਤਿ ਮੁਕਾਬਲੇਬਾਜ਼ੀ ਵਾਲੇ ਦੌਰ ਵਿੱਚ ਇਸ ਕਾਲਜ ਵਿਖੇ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਦੇ ਨਾਲ-ਨਾਲ ਉਹਨਾਂ ਦੇ ਸਰਵਪੱਖੀ ਵਿਕਾਸ ਉੱਪਰ ਜ਼ੋਰ ਦਿੱਤਾ ਜਾ ਰਿਹਾ ਹੈ ਤਾਂ ਜੋ ਇਹ ਕਾਲਜ ਪੰਜਾਬ ਦੇ ਪੇਂਡੂ ਕਾਲਜਾਂ ਵਿੱਚ ਮੋਹਰੀ ਬਣ ਸਕੇ।

ਵਿਦਿਆਰਥੀਓ ! ਬਹੁਤ ਕੁਝ ਤੁਹਾਡੇ ਆਪਣੇ ਉੱਪਰ ਨਿਰਭਰ ਕਰਦਾ ਹੈ। ਸੰਸਥਾ ਤਾਂ ਤੁਹਾਡੇ ਸਰਵਪੱਖੀ ਵਿਕਾਸ ਵਿੱਚ ਮਦਦ ਹੀ ਕਰ ਸਕਦੀ ਹੈ। ਸਫ਼ਲਤਾ ਸਖ਼ਤ ਮਿਹਨਤ, ਸਮਰਪਣ, ਲਗਨ ਅਤੇ ਆਸ਼ਾਵਾਦੀ ਸੋਚ ਨਾਲ ਹੀ ਪ੍ਰਾਪਤ ਹੁੰਦੀ ਹੈ। ਮੈਂ ਆਸ ਅਤੇ ਅਰਦਾਸ ਵੀ ਕਰਦਾ ਹਾਂ ਕਿ ਵਿਦਿਆਰਥੀ ਗੁਣਾਤਮਕ ਸਿੱਖਿਆ ਪ੍ਰਾਪਤ ਕਰਨ ਵਾਸਤੇ ਆਦਰਸ਼ ਮਾਹੌਲ ਬਣਾਈ ਰੱਖਣਗੇ, ਅਨੁਸ਼ਾਸਨ ਵਿੱਚ ਰਹਿ ਕੇ ਸਮਰਪਣ ਅਤੇ ਲਗਨ ਨਾਲ ਕਾਲਜ ਦੀ ਪ੍ਰਗਤੀ ਲਈ ਭਰਪੂਰ ਸਹਿਯੋਗ ਦੇਣਗੇ ਅਤੇ ਕਾਲਜ ਦੀ ਬੇਹਤਰੀ ਵਾਸਤੇ ਸਮੇਂ-ਸਮੇਂ ਤੇ ਆਪਣੇ ਸੁਝਾਅ ਦਿੰਦੇ ਰਹਿਣਗੇ।

ਹਮੇਸ਼ਾਂ ਤੁਹਾਡੇ ਸੁਨਹਿਰੀ ਭਵਿੱਖ ਲਈ ਸ਼ੁਭ ਕਾਮਨਾਵਾਂ ਨਾਲ !

**ਪ੍ਰੋ. ਜਗਬੀਰ ਸਿੰਘ ਭੁੱਲਰ**
ਕਾਰਜਕਾਰੀ ਪ੍ਰਿੰਸੀਪਲ

## College Faculty

**Officiating Principal**
**Prof. Jagbir Singh Bhullar**
M.A. (Pol. Sc.), NET

| | | |
|---|---|---|
| **Post Graduate Department of Political Science** | : | 1. Prof. Jagbir Singh Bhullar, M.A., NET. |
| | | 2. Vacant |
| **Department of Economics** | : | 1. Mrs. Navpreet Kaur, M.Sc., M.Phil., NET |
| **Department of Punjabi** | : | 1. Dr. (Mrs.) Ranjit Kaur, M.A.. NET, M.Phil., Ph.D. |
| | | 2. Prof. Sarbjit Singh, M.A. (Pbi.), NET |
| **Department of English** | : | 1. Vacant |
| **Department of Physical Education** | : | 1. Prof. Navneet Singh, M.P.Ed., NET |
| **Department of Computer Science** | : | 1. Vacant |
| | | 2. Vacant |
| | | 3. Vacant |
| **Department of Commerce** | : | 1. Prof. Malwinder Kaur, M.Com., NET |
| | | 2. Vacant |
| **Department of Mathematics** | : | 1. Vacant |
| **Department of History** | : | 1. Vacant |
| **Librarian** | : | 1. Vacant |

## Academic Duties

| | | |
|---|---|---|
| 1. | **NCC Officer** : | Lt. Jagbir Singh Bhullar |
| 2. | **Registrar /Grievance Redressal/ Woman Harassment Cell Incharge/ NSS Programme Officer (Girls) & Co-ordinator IQAC** : | Mrs. Navpreet Kaur |
| 3. | **AISHE/Alumni Association/Student Welfare/ Youth & Cultural Activities Incharge** : | Dr. (Mrs.) Ranjit Kaur |
| 4. | **Nodal Officer (GNDU Affair) NSS Programme Officer (Boys)**: | Mr. Navneet Singh |
| 5. | **Career, Counseling & Placement Incharge** : | Mrs. Malwinder Kaur |
| 6. | **Medical Officer** : | Dr. Karamjit Singh, B.A.M.S. |

## Administrative Staff

| | | |
|---|---|---|
| **Superintendent** | : | S. Sukhwinder Singh, M.A. (Pol. Sc.) |
| **Clerk** | : | Mrs. Kulwant Kaur, B.A. |
| **Clerk** | : | Pritpal Singh, MCA |

## ਸਾਲ 2023 -24 ਲਈ ਦਾਖ਼ਲਾ ਤਾਰੀਖ਼ਾਂ

**ਅੰਡਰ ਗ੍ਰੈਜ਼ੂਏਟ, ਪੋਸਟ ਗ੍ਰੈਜ਼ੂਏਟ ਸਮੈਸਟਰ ਪਹਿਲਾ ਅਤੇ ਪ੍ਰਮੋਟ ਹੋਣ ਵਾਲੇ ਵਿਦਿਆਰਥੀਆਂ ਵਾਸਤੇ ਦਾਖ਼ਲਾ ਤਾਰੀਖਾਂ।**

| | | |
|---|---|---|
| **ਦਾਖਲੇ ਦੀ ਨਾਰਮਲ ਤਾਰੀਖ਼** | – | 14-08-2023 ਤੱਕ |
| **100 ਰੁਪਏ ਲੇਟ ਫ਼ੀਸ ਨਾਲ** (ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ) | – | 15-08-2023 ਤੋਂ 21-08-2023 ਤੱਕ |
| **200 ਰੁਪਏ ਲੇਟ ਫ਼ੀਸ ਨਾਲ** (ਡੀਨ ਅਕਾਦਮਿਕ ਮਾਮਲੇ ਦੀ ਪ੍ਰਵਾਨਗੀ ਨਾਲ) | – | 22-08-2023 ਤੋਂ 28-08-2023 ਤੱਕ |
| **1000 ਰੁਪਏ ਲੇਟ ਫ਼ੀਸ ਨਾਲ** (ਉਪ-ਕੁਲਪਤੀ ਦੀ ਪ੍ਰਵਾਨਗੀ ਨਾਲ) | – | 29-08-2023 ਤੋਂ 04-09-2023 ਤੱਕ |
| **5000 ਰੁਪਏ ਲੇਟ ਫ਼ੀਸ ਨਾਲ** | – | 05-09-2023 ਤੋਂ 19-09-2023 ਤੱਕ |

## Courses of Study and Subjects

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਸੈਸ਼ਨ 2023-24 ਦੌਰਾਨ **ਬੀ.ਏ./ਬੀ.ਐਸ.ਸੀ.(ਇਕਨਾਮਿਕਸ)/ਬੀ.ਸੀ.ਏ./ਬੀ.ਕਾਮ., ਪੀ.ਜੀ.ਡੀ.ਸੀ.ਏ. ਅਤੇ ਐਮ.ਏ.(ਪੋਲੀਟੀਕਲ ਸਾਇੰਸ)** ਦੀਆਂ ਸਾਰੀਆਂ ਕਲਾਸਾਂ ਸਮੈਸਟਰ ਪ੍ਰਣਾਲੀ ਅਧੀਨ ਚੱਲਣਗੀਆਂ। ਕਾਲਜ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਮਾਨਤਾ ਪ੍ਰਾਪਤ ਹੇਠ ਲਿਖੇ ਕੋਰਸਾਂ ਵਿੱਚ ਦਾਖ਼ਲਾ ਲਿਆ ਜਾ ਸਕਦਾ ਹੈ—

### B.A. Semester - I & II (Total Available Seats = 400)

ਤਿੰਨ ਸਾਲਾ (ਛੇ ਸਮੈਸਟਰ) ਬੀ.ਏ. ਡਿਗਰੀ ਕੋਰਸ ਵਿੱਚ ਵਿਦਿਆਰਥੀ **ਅੰਗਰੇਜ਼ੀ (ਲਾਜ਼ਮੀ)**, **ਪੰਜਾਬੀ (ਲਾਜ਼ਮੀ)** ਅਤੇ **Drug Abuse (Compulsory Qualifying)** ਦੇ ਨਾਲ-ਨਾਲ ਹੇਠ ਲਿਖੇ ਵਿਸ਼ਿਆਂ ਵਿੱਚੋਂ ਕੋਈ ਤਿੰਨ ਵਿਸ਼ੇ ਚੁਣ ਸਕਦਾ ਹੈ:—

1. **ਪੰਜਾਬੀ ਚੋਣਵੀਂ ਜਾਂ ਅੰਗਰੇਜ਼ੀ ਚੋਣਵੀਂ**
2. **ਫੰਕਸ਼ਨਲ ਪੰਜਾਬੀ (ਵੋਕੇਸ਼ਨਲ)**
3. **ਇਕਨਾਮਿਕਸ**
4. **ਇਤਿਹਾਸ ਜਾਂ ਗਣਿਤ**
5. **ਕੰਪਿਊਟਰ ਸਾਇੰਸ ਜਾਂ ਫਿਜ਼ੀਕਲ ਐਜੂਕੇਸ਼ਨ**
6. **ਪੋਲੀਟੀਕਲ ਸਾਇੰਸ**

**ਦਾਖਲਾ ਯੋਗਤਾ ਸ਼ਰਤਾਂ**—ਬੀ.ਏ. ਸਮੈਸਟਰ ਪਹਿਲਾ ਵਿੱਚ ਸਿਰਫ਼ ਉਹੀ ਵਿਦਿਆਰਥੀ ਦਾਖਲਾ ਲੈ ਸਕਦੇ ਹਨ, ਜਿਨ੍ਹਾਂ ਨੇ 10+2 ਕਲਾਸ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਮਾਨਤਾ ਪ੍ਰਾਪਤ, ਬਰਾਬਰ ਦਾ ਕੋਈ ਇਮਤਿਹਾਨ ਪਾਸ ਕੀਤਾ ਹੋਵੇ।

**ਨੋਟ**—ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਜਿਨ੍ਹਾਂ ਵਿਸ਼ਿਆਂ ਦੀ ਚੋਣ ਵਿਦਿਆਰਥੀ ਬੀ.ਏ. ਸਮੈਸਟਰ ਪਹਿਲਾ ਵਿੱਚ ਕਰੇਗਾ, ਉਨ੍ਹਾਂ ਵਿਸ਼ਿਆਂ ਨੂੰ ਅਗਲੇ ਕਿਸੇ ਵੀ ਸਮੈਸਟਰ ਵਿੱਚ ਬਦਲਿਆ ਨਹੀਂ ਜਾ ਸਕੇਗਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਮੈਸਟਰ ਪ੍ਰਣਾਲੀ ਲਈ ਜਾਰੀ ਆਰਡੀਨੈਂਸ ਅਨੁਸਾਰ ਪਹਿਲੇ ਸਮੈਸਟਰ ਤੋਂ ਦੂਸਰੇ ਸਮੈਸਟਰ ਵਿੱਚ ਜਾਣ ਲਈ ਕੋਈ ਸ਼ਰਤ ਨਹੀਂ ਹੋਵੇਗੀ।

**ਕਿੱਤਾ ਸੰਭਾਵਨਾਵਾਂ**—ਤਿੰਨ ਸਾਲਾ (ਛੇ ਸਮੈਸਟਰ) ਬੀ.ਏ. ਡਿਗਰੀ ਕੋਰਸ ਵਿੱਚ ਕਿੱਤਾ ਸੰਭਾਵਨਾਵਾਂ ਵਿਦਿਆਰਥੀ ਦੁਆਰਾ ਚੁਣੇ ਗਏ ਤਿੰਨ ਚੋਣਵੇਂ ਵਿਸ਼ਿਆਂ ਉੱਪਰ ਨਿਰਭਰ ਕਰਦੀਆਂ ਹਨ, ਜਿਵੇਂ ਕਿ ਪੋਲੀਟੀਕਲ ਸਾਇੰਸ, ਇਤਿਹਾਸ ਅਤੇ ਇਕਨਾਮਿਕਸ ਵਰਗੇ ਵਿਸ਼ੇ ਪੜ੍ਹ ਕੇ ਵਿਦਿਆਰਥੀ ਐਲ.ਐਲ.ਬੀ. ਕਰਕੇ ਵਕਾਲਤ ਕਰ ਸਕਦੇ ਹਨ ਅਤੇ ਸਿਵਲ ਤੇ ਕਾਨੂੰਨੀ ਸੇਵਾਵਾਂ ਲਈ ਮੁਕਾਬਲੇ ਦੀ ਪ੍ਰੀਖਿਆ ਵਿੱਚ ਬੈਠਣ ਦੇ ਯੋਗ ਹੋ ਸਕਦੇ ਹਨ......ਆਦਿ।

### B.Sc. (Economics) Semester–I & II (Total Available Seats = 60)

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਜੋ ਵਿਦਿਆਰਥੀ ਪਹਿਲੇ ਸਮੈਸਟਰ ਭਾਵ ਬੀ.ਐਸ.ਸੀ. ਸਮੈਸਟਰ ਪਹਿਲਾ ਵਿੱਚ **ਅੰਗਰੇਜ਼ੀ (ਲਾਜ਼ਮੀ)**, **ਪੰਜਾਬੀ (ਲਾਜ਼ਮੀ)** ਅਤੇ **Drug Abuse (Compulsory Qualifying)** ਵਿਸ਼ਿਆਂ ਦੇ ਨਾਲ **ਇਕਨਾਮਿਕਸ, ਗਣਿਤ ਤੇ ਕੰਪਿਊਟਰ ਸਾਇੰਸ** ਦੇ ਵਿਸ਼ੇ ਚੁਣਨਗੇ ਅਤੇ ਅਗਲੇ ਸਮੈਸਟਰਾਂ ਵਿੱਚ ਵੀ ਇਹੋ ਵਿਸ਼ੇ ਪੜ੍ਹਨਗੇ, ਉਹਨਾਂ ਨੂੰ ਬੀ.ਐਸ.ਸੀ. (ਇਕਨਾਮਿਕਸ) ਦੀ ਡਿਗਰੀ ਮਿਲੇਗੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਮੈਸਟਰ ਪ੍ਰਣਾਲੀ ਲਈ ਆਰਡੀਨੈਂਸ ਅਨੁਸਾਰ ਪਹਿਲੇ ਤੋਂ ਦੂਸਰੇ ਸਮੈਸਟਰ ਵਿੱਚ ਜਾਣ ਲਈ ਕੋਈ ਸ਼ਰਤ ਨਹੀਂ ਹੋਵੇਗੀ।

**ਦਾਖਲਾ ਯੋਗਤਾ ਸ਼ਰਤਾਂ**—ਬੀ.ਐਸ.ਸੀ. (ਇਕਨਾਮਿਕਸ) ਸਮੈਸਟਰ ਪਹਿਲਾ ਵਿੱਚ ਕੇਵਲ ਉਹੀ ਵਿਦਿਆਰਥੀ ਦਾਖਲਾ ਲੈ ਸਕਦੇ ਹਨ ਜਿਨ੍ਹਾਂ ਨੇ 10+2 ਕਲਾਸ ਦੀ ਪ੍ਰੀਖਿਆ ਵਿੱਚ ਕਿਸੇ ਵੀ ਵਿਸ਼ੇ ਨਾਲ ਘੱਟ ਤੋਂ ਘੱਟ 40 ਫੀਸਦੀ ਅੰਕ ਪ੍ਰਾਪਤ ਕੀਤੇ ਹੋਣ।

**ਕਿੱਤਾ ਸੰਭਾਵਨਾਵਾਂ**—ਬੀ.ਐਸ.ਸੀ. (ਇਕਨਾਮਿਕਸ) ਇੱਕ ਅਜਿਹਾ ਤਿੰਨ ਸਾਲਾ (ਛੇ ਸਮੈਸਟਰ) ਕੋਰਸ ਹੈ, ਜਿਸ ਵਿੱਚ ਇਕਨਾਮਿਕਸ ਦੇ ਨਾਲ-ਨਾਲ ਕੰਪਿਊਟਰ ਸਾਇੰਸ, ਗਣਿਤ ਅਤੇ ਅੰਕੜਾ ਵਿਧੀਆਂ ਪੜ੍ਹਾਈਆਂ ਜਾਂਦੀਆਂ ਹਨ। ਇਹ ਕੋਰਸ ਪਾਸ ਕਰਨ ਉਪਰੰਤ ਵਿਦਿਆਰਥੀ ਆਰਥਿਕ ਅਤੇ ਯੋਜਨਾ ਸੇਵਾਵਾਂ, ਸਿਵਲ ਅਤੇ ਅੰਕੜਾ ਸੇਵਾਵਾਂ, ਬੈਂਕਿੰਗ ਅਤੇ ਬੀਮਾ ਸੇਵਾਵਾਂ, ਪ੍ਰਬੰਧਕੀ, ਅਧਿਆਪਨ ਤੇ ਖੋਜ ਸੇਵਾਵਾਂ ਆਦਿ ਵਿੱਚ ਰੋਜ਼ਗਾਰ ਪ੍ਰਾਪਤ ਕਰਨ ਦੇ ਯੋਗ ਹੋ ਜਾਂਦੇ ਹਨ। ਇਸ ਤੋਂ ਇਲਾਵਾ ਵਿਦਿਆਰਥੀ MCA, M.Sc. (Computer Science), M.Sc. (IT), M.Sc. (Maths), MBA, MBE ਅਤੇ MFC ਦੇ ਨਾਲ-ਨਾਲ M.Sc. (Hons. School) Economics ਜਾਂ M.A. (Economics) ਵਰਗੇ Post Graduate ਕੋਰਸਾਂ ਵਿੱਚ ਵੀ ਦਾਖਲਾ ਲੈ ਸਕਦੇ ਹਨ।

## B.A./B.Sc. (Economics) Semester – III & IV

ਜਿਹੜੇ ਵਿਦਿਆਰਥੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ B.A./B.Sc. (Economics) Part – I (ਸਮੈਸਟਰ I ਅਤੇ ਸਮੈਸਟਰ II ਦੇ ਘੱਟੋ ਘੱਟ 50 ਫੀਸਦੀ ਵਿਸ਼ੇ ਪਾਸ ਕੀਤੇ ਹੋਣ) ਜਾਂ ਕਿਸੇ ਹੋਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਬਰਾਬਰ ਦੀ ਪ੍ਰੀਖਿਆ ਪਾਸ ਕੀਤੀ ਹੋਵੇਗੀ, ਉਹ B.A./B.Sc. (Economics) ਸਮੈਸਟਰ III ਵਿੱਚ ਦਾਖਲਾ ਲੈ ਸਕਣਗੇ। ਪਰੰਤੂ ਵਿਦਿਆਰਥੀ ਨੂੰ ਸਿਰਫ ਉਹੀ ਵਿਸ਼ੇ ਰੱਖਣੇ ਪੈਣਗੇ, ਜਿਹੜੇ ਉਸਨੇ B.A./B.Sc. (Economics) Part–I (ਸਮੈਸਟਰ I ਅਤੇ II) ਵਿੱਚ ਪਾਸ ਕੀਤੇ ਹੋਣਗੇ ਭਾਵ ਯੂਨੀਵਰਸਿਟੀ ਨਿਯਮਾਂ ਅਨੁਸਾਰ ਵਿਦਿਆਰਥੀ ਅਗਲੀ ਕਲਾਸ ਵਿੱਚ ਕਿਸੇ ਵੀ ਵਿਸ਼ੇ ਦੀ ਤਬਦੀਲੀ ਨਹੀਂ ਕਰ ਸਕਦਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਮੈਸਟਰ ਪ੍ਰਣਾਲੀ ਲਈ ਜਾਰੀ ਆਰਡੀਨੈਂਸ ਅਨੁਸਾਰ ਤੀਸਰੇ ਤੋਂ ਚੌਥੇ ਸਮੈਸਟਰ ਵਿੱਚ ਜਾਣ ਲਈ ਕੋਈ ਸ਼ਰਤ ਨਹੀਂ ਹੋਵੇਗੀ। ਇਨ੍ਹਾਂ ਸਮੈਸਟਰਾਂ ਦੌਰਾਨ ਵਿਦਿਆਰਥੀ ਨੂੰ ਤੀਸਰੇ ਜਾਂ ਚੌਥੇ ਸਮੈਸਟਰ ਵਿੱਚ Environmental Studies ਦਾ ਵਿਸ਼ਾ ਲਾਜ਼ਮੀ ਤੌਰ ਤੇ Qualify ਕਰਨਾ ਹੋਵੇਗਾ।

## B.A./B.Sc. (Economics) Semester–V

ਵਿਦਿਆਰਥੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ B.A./B.Sc. (Economics) ਪਹਿਲੇ ਚਾਰ ਸਮੈਸਟਰਾਂ ਦੇ ਘੱਟੋ ਘੱਟ 50 ਫੀਸਦੀ ਵਿਸ਼ੇ ਪਾਸ ਕੀਤੇ ਹੋਣ) ਜਾਂ ਕਿਸੇ ਹੋਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਬਰਾਬਰ ਦੀ ਪ੍ਰੀਖਿਆ ਪਾਸ ਕਰਨ ਉਪਰੰਤ B.A./B.Sc. (Economics) ਸਮੈਸਟਰ ਪੰਜਵਾਂ ਵਿੱਚ ਦਾਖਲਾ ਲੈ ਸਕਣ ਦੇ ਯੋਗ ਹੋਣਗੇ। ਯੂਨੀਵਰਸਿਟੀ ਨਿਯਮਾਂ ਅਨੁਸਾਰ ਇਸ ਕਲਾਸ ਵਿੱਚ ਵੀ ਵਿਦਿਆਰਥੀ ਪਿਛਲੀ ਜਮਾਤ ਵਿੱਚ ਲਏ ਗਏ ਵਿਸ਼ਿਆਂ ਵਿੱਚ ਕੋਈ ਤਬਦੀਲੀ ਨਹੀਂ ਕਰ ਸਕਦਾ।

## B.A./B.Sc. (Economics) Semester–VI

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਮੈਸਟਰ ਪ੍ਰਣਾਲੀ ਲਈ ਜਾਰੀ ਆਰਡੀਨੈਂਸ ਅਨੁਸਾਰ ਬੀ.ਏ./ਬੀ.ਐਸ.ਸੀ. (ਇਕਨਾਮਿਕਸ) ਸਮੈਸਟਰ ਛੇਵਾਂ ਵਿੱਚ ਸਿਰਫ ਉਹੀ ਵਿਦਿਆਰਥੀ ਦਾਖਲਾ ਲੈਣ ਦੇ ਯੋਗ ਹੋ ਸਕਣਗੇ ਜਿਸ ਨੇ ਸਮੈਸਟਰ ਪਹਿਲਾ ਦੇ ਸਾਰੇ ਪੇਪਰ ਪਾਸ ਕੀਤੇ ਹੋਣਗੇ। ਜਿਨ੍ਹਾਂ ਵਿਦਿਆਰਥੀਆਂ ਨੂੰ ਪਹਿਲੇ ਸਮੈਸਟਰ ਵਿੱਚ ਰੀ-ਅਪੀਅਰ ਹੋਣ ਕਾਰਣ ਛੇਵੇਂ ਸਮੈਸਟਰ ਵਿੱਚ ਦਾਖਲਾ ਨਹੀਂ ਦਿੱਤਾ ਗਿਆ ਹੋਵੇਗਾ, ਉਹਨਾਂ ਦੇ ਨਤੀਜਾ ਆਉਣ ਭਾਵ ਰੀ-ਅਪੀਅਰ ਪਾਸ ਕਰਨ ਦੀ ਮਿਤੀ ਤੌਂ 15 ਦਿਨਾਂ ਦੇ ਅੰਦਰ (12+3 ਗ੍ਰੇਸ ਦਿਨ, ਕੈਲੰਡਰ Vol. II, ਪੰਨਾ 26, ਪੈਰ੍ਹਾ 06 ਅਨੁਸਾਰ) ਕਾਲਜ ਵਲੋਂ ਉਸਦੇ ਦਾਖਲੇ ਨੂੰ ਰੈਗੂਲਰਾਈਜ ਕੀਤਾ ਜਾਵੇਗਾ। ਪ੍ਰੰਤੂ ਉਸ ਵਿਦਿਆਰਥੀ ਦੀ ਡਿਗਰੀ ਪੂਰੀ ਕਰਨ ਦਾ ਸਮਾਂ ਸਮੈਸਟਰ ਸਿਸਟਮ ਆਰਡੀਨੈਂਸ ਮੁਤਾਬਕ ਹੀ ਹੋਵੇਗਾ।

## B.C.A. Semester–I (Total Available Seats = 60)

ਕੰਪਿਊਟਰ ਪੜ੍ਹਾਈ ਵਿੱਚ ਵਿਸ਼ੇਸ਼ ਰੁਚੀ ਰੱਖਣ ਵਾਲੇ ਵਿਦਿਆਰਥੀ ਤਿੰਨ ਸਾਲਾ (ਛੇ ਸਮੈਸਟਰ) ਬੀ.ਸੀ.ਏ. ਕੋਰਸ ਵਿੱਚ ਦਾਖਲਾ ਲੈ ਸਕਦੇ ਹਨ। ਉਹ ਵਿਦਿਆਰਥੀ, ਜਿਨ੍ਹਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪ੍ਰਵਾਨਤ ਬੋਰਡ ਤੋਂ ਕਿਸੇ ਵੀ ਵਿਸ਼ੇ ਵਿੱਚ ਘੱਟੋ-ਘੱਟ 40 ਫੀਸਦੀ ਅੰਕਾਂ ਨਾਲ 10+2 ਕਲਾਸ ਪਾਸ ਕੀਤੀ ਹੋਵੇਗੀ, ਦਾਖ਼ਲਾ ਲੈਣ ਦੇ ਯੋਗ ਹੋਣਗੇ। ਵਿਦਿਆਰਥੀ ਨੂੰ B.C.A. Semester–I ਵਿੱਚ ਹੇਠ ਲਿਖੇ ਵਿਸ਼ੇ ਪੜ੍ਹਨੇ ਹੋਣਗੇ—

| | | |
|---|---|---|
| Paper–I | Introduction to Programming C | 75 Marks |
| Paper–II | Introduction to Computers and Information Technology | 75 Marks |
| Paper–III | Applied and Discrete Mathematics | 75 Marks. |
| Paper–IV | Practical–I (MS Office 2010 and Basic C Programming) | 75 Marks |
| Paper–V | Communication Skills in English –I | 50 Marks |
| Paper–VI | Punjabi/Basic Punjabi/Punjab History & Culture* (Compulsory) | 50 Marks |

## B.C.A. Semester–II

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਮੈਸਟਰ ਪ੍ਰਣਾਲੀ ਲਈ ਆਰਡੀਨੈਂਸ ਅਨੁਸਾਰ ਬੀ.ਸੀ.ਏ. ਦੇ ਪਹਿਲੇ ਤੋਂ ਦੂਸਰੇ ਸਮੈਸਟਰ ਵਿੱਚ ਜਾਣ ਲਈ ਕੋਈ ਸ਼ਰਤ ਨਹੀਂ ਹੋਵੇਗੀ।

| | | |
|---|---|---|
| Paper–I | Introduction to Programming C++ | 75 Marks |
| Paper–II | Principles of Digital Electronics | 75 Marks |
| Paper–III | Numerical Methods & Statistical Techniques | 75 Marks |
| Paper-IV | Practical-I (Advanced C++ Programming) | 75 Marks |
| Paper–V | Communication Skills in English–II (Theory 35 + Practical 15) | 50 Marks |
| Paper–VI | Punjabi/Basic Punjabi/Punjab History & Culture* (Compulsory) | 50 Marks |
| Paper–VII | Drug Abuse : Problem, Management & Prevention (Compulsory) | 100 Marks (Qualifying) |

## B.C.A. Semester–III

ਵਿਦਿਆਰਥੀ ਬੀ.ਸੀ.ਏ. ਭਾਗ ਪਹਿਲਾ (ਸਮੈਸਟਰ I ਅਤੇ II) ਦੇ ਘੱਟੋ ਘੱਟ 50 ਫੀਸਦੀ ਵਿਸ਼ੇ ਪਾਸ ਕਰਨ ਉਪਰੰਤ ਹੀ ਸਮੈਸਟਰ ਤੀਜਾ ਵਿੱਚ ਦਾਖਲਾ ਲੈਣ ਦੇ ਯੋਗ ਹੋਣਗੇ ਅਤੇ ਇਸ ਸਮੈਸਟਰ ਵਿੱਚ ਹੇਠ ਲਿਖੇ ਵਿਸ਼ੇ ਪੜ੍ਹਨਗੇ—

| | | |
|---|---|---|
| Paper–I | Computer Architecture | 75 Marks |
| Paper–II | Database Management System | 75 Marks |
| Paper–III | Introduction to Python Programming | 75 Marks |
| Paper–IV | Programming Lab--Python | 50 Marks |
| Paper–V | Programming Lab--Oracle | 25 Marks |

## B.C.A. Semester–IV

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਮੈਸਟਰ ਪ੍ਰਣਾਲੀ ਲਈ ਜਾਰੀ ਆਰਡੀਨੈਂਸ ਅਨੁਸਾਰ ਬੀ.ਸੀ.ਏ. ਸਮੈਸਟਰ ਤੀਸਰੇ ਤੋਂ ਚੌਥੇ ਸਮੈਸਟਰ ਵਿੱਚ ਜਾਣ ਲਈ ਕੋਈ ਸ਼ਰਤ ਨਹੀਂ ਹੋਵੇਗੀ।

| | | |
|---|---|---|
| Paper–I | Data Structure & File Processing | 75 Marks |
| Paper–II | Information Systems | 75 Marks |
| Paper–III | Internet Applications | 75 Marks |
| Paper–IV | System Software | 75 Marks |
| Paper–V | Lab-Data Structures Implementation Using C++ | 50 Marks |
| Paper–VI | Lab-Web Designing and Use of Internet | 50 Marks |
| Paper–VII (ESL-221) | * Environment Studies (Compulsory) | 100 Marks |

* Marks of EVS will not be included in Grand Total.

## B.C.A. Semester–V

ਵਿਦਿਆਰਥੀ ਪਹਿਲੇ ਚਾਰ ਸਮੈਸਟਰਾਂ ਦੇ ਘੱਟੋ ਘੱਟ 50 ਫੀਸਦੀ ਵਿਸ਼ੇ ਪਾਸ ਕਰਨ ਉਪਰੰਤ ਹੀ ਸਮੈਸਟਰ ਪੰਜਵਾਂ ਵਿੱਚ ਦਾਖ਼ਲਾ ਲੈਣ ਦੇ ਯੋਗ ਹੋਣਗੇ ਅਤੇ ਇਸ ਸਮੈਸਟਰ ਵਿੱਚ ਹੇਠ ਲਿਖੇ ਵਿਸ਼ੇ ਪੜ੍ਹਨਗੇ—

| | | |
|---|---|---|
| Paper–I | Software Engineering | 75 Marks |
| Paper–II | Web Technologies | 75 Marks |
| Paper–III | Operating System | 75 Marks |
| Paper–IV | JAVA Programming Language | 75 Marks |
| Paper–V | Lab based on JAVA Programming Language | 50 Marks |
| Paper–VI | Lab based on Web Designing Using HTML, JAVA & PHP | 50 Marks |

## B.C.A. Semester–VI

**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਮੈਸਟਰ ਪ੍ਰਣਾਲੀ ਲਈ ਜਾਰੀ ਆਰਡੀਨੈਂਸ ਅਨੁਸਾਰ ਬੀ.ਸੀ.ਏ. ਸਮੈਸਟਰ ਛੇਵਾਂ ਵਿੱਚ ਸਿਰਫ ਉਹੀ ਵਿਦਿਆਰਥੀ ਦਾਖਲਾ ਲੈਣ ਦੇ ਯੋਗ ਹੋ ਸਕਣਗੇ ਜਿਸ ਨੇ ਬੀ.ਸੀ.ਏ. ਸਮੈਸਟਰ ਪਹਿਲਾ ਦੇ ਸਾਰੇ ਪੇਪਰ ਪਾਸ ਕੀਤੇ ਹੋਣਗੇ। ਜਿਨ੍ਹਾਂ ਵਿਦਿਆਰਥੀਆਂ ਨੂੰ ਪਹਿਲੇ ਸਮੈਸਟਰ ਵਿੱਚ ਰੀ-ਅਪੀਅਰ ਹੋਣ ਕਾਰਣ ਛੇਵੇਂ ਸਮੈਸਟਰ ਵਿੱਚ ਦਾਖਲਾ ਨਹੀਂ ਦਿੱਤਾ ਗਿਆ ਹੋਵੇਗਾ, ਉਹਨਾਂ ਦੇ ਨਤੀਜਾ ਆਉਣ ਭਾਵ ਰੀ-ਅਪੀਅਰ ਪਾਸ ਕਰਨ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ (12+3 ਗ੍ਰੇਸ ਦਿਨ, ਕੈਲੰਡਰ Vol. II, ਪੰਨਾ 26, ਪੈਰ੍ਹਾ 06 ਅਨੁਸਾਰ) ਕਾਲਜ ਵਲੋਂ ਉਸਦੇ ਦਾਖਲੇ ਨੂੰ ਰੈਗੂਲਰਾਈਜ ਕੀਤਾ ਜਾਵੇਗਾ। ਪ੍ਰੰਤੂ ਉਸ ਵਿਦਿਆਰਥੀ ਦੀ ਡਿਗਰੀ ਪੂਰੀ ਕਰਨ ਦਾ ਸਮਾਂ ਸਮੈਸਟਰ ਸਿਸਟਮ ਆਰਡੀਨੈਂਸ ਮੁਤਾਬਕ ਹੀ ਹੋਵੇਗਾ।**

| | | |
|---|---|---|
| Paper–I | Computer Graphics | 75 Marks |
| Paper–II | Computer Networks | 75 Marks |
| Paper–III | Lab Implementation of Applications of Computer Graphics in C++/C | 50 Marks |
| Paper–IV | Project | 300 Marks |

**ਕਿੱਤਾ ਸੰਭਾਵਨਾਵਾਂ—**ਤਿੰਨ ਸਾਲਾ (ਛੇ ਸਮੈਸਟਰ) ਬੀ.ਸੀ.ਏ. ਕੋਰਸ ਪਾਸ ਕਰਨ ਉਪਰੰਤ ਵਿਦਿਆਰਥੀ ਬਹੁਤ ਸਾਰੇ ਕੰਪਿਊਟਰ ਅਧਾਰਿਤ ਪ੍ਰੋਗਰਾਮਾਂ ਲਈ ਕੰਮ ਕਰਨ ਦੇ ਯੋਗ ਹੋ ਜਾਂਦਾ ਹੈ, ਜਿਵੇਂ ਕਿ—Programming, Web Designing, Networking and Communication Specialisation, Graphic Designing, BPO, System Analysation ਦੇ ਨਾਲ-ਨਾਲ Software Engineering ਆਦਿ। ਇਸ ਤੋਂ ਇਲਾਵਾ ਵਿਦਿਆਰਥੀ ਕੰਪਿਊਟਰ ਵਿਸ਼ੇ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਲਈ MCA, M.Sc. (Computer Science), M.Sc. (IT) ਅਤੇ MBA ਕੋਰਸਾਂ ਵਿੱਚ ਵੀ ਦਾਖਲਾ ਲੈ ਸਕਦਾ ਹੈ ਅਤੇ ਅਧਿਆਪਨ ਤੇ ਖੋਜ ਕਾਰਜਾਂ ਵਿੱਚ ਕੰਮ ਪ੍ਰਾਪਤ ਕਰ ਸਕਦਾ ਹੈ। ਇਹਨਾਂ ਵਿਦਿਆਰਥੀਆਂ ਦਾ ਬਹੁ-ਰਾਸ਼ਟਰੀ ਸੂਚਨਾ ਤਕਨਾਲੋਜੀ ਕੰਪਨੀਆਂ ਵਿੱਚ ਟਰੇਨੀ ਪ੍ਰੋਗਰਾਮਰ ਦੇ ਤੌਰ 'ਤੇ ਕੰਮ ਪ੍ਰਾਪਤ ਕਰਨ ਲਈ ਵੀ ਬੜਾ ਉੱਜਲ ਭਵਿੱਖ ਹੈ।

## B.Com. Semester-I (Total Available Seats = 75)

ਇਸ ਤਿੰਨ ਸਾਲਾ (ਛੇ ਸਮੈਸਟਰ) ਡਿਗਰੀ ਕੋਰਸ ਵਿੱਚ ਵਿਦਿਆਰਥੀ ਮੁੱਖ ਤੌਰ ਤੇ ਲੇਖਾ ਸਿਧਾਂਤਾਂ ਅਤੇ ਵਿਧੀਆਂ ਦੇ ਨਾਲ-ਨਾਲ ਭਾਸ਼ਾ, ਪ੍ਰਬੰਧਨ, ਵਪਾਰ ਅਤੇ ਅਰਥ ਸ਼ਾਸ਼ਤਰ ਨਾਲ ਸੰਬੰਧਿਤ ਵਿਸ਼ਿਆਂ ਦੀ ਪੜ੍ਹਾਈ ਕਰਦੇ ਹਨ।

**ਦਾਖਲਾ ਯੋਗਤਾ ਸ਼ਰਤਾਂ—**ਬੀ.ਕਾਮ. ਸਮੈਸਟਰ ਪਹਿਲਾ ਵਿੱਚ ਸਿਰਫ਼ ਉਹੀ ਵਿਦਿਆਰਥੀ ਦਾਖ਼ਲਾ ਲੈ ਸਕਦੇ ਹਨ, ਜਿਨ੍ਹਾਂ ਨੇ 10+2 ਕਾਮਰਸ ਜਾਂ ਬਰਾਬਰ ਦੀ ਕਿਸੇ ਵੀ ਵਿਸ਼ੇ ਦੀ ਪ੍ਰੀਖਿਆ ਘੱਟੋ ਘੱਟ 40 ਫੀਸਦੀ ਅੰਕਾਂ ਨਾਲ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਸੀ.ਬੀ.ਐਸ.ਸੀ. ਜਾਂ ਬਰਾਬਰ ਦੇ ਕਿਸੇ ਪ੍ਰਵਾਨਿਤ ਬੋਰਡ ਤੋਂ ਪਾਸ ਕੀਤੀ ਹੋਵੇ। ਵਿਦਿਆਰਥੀ ਨੂੰ ਬੀ.ਕਾਮ. ਸਮੈਸਟਰ ਪਹਿਲਾ ਵਿੱਚ ਹੇਠ ਲਿਖੇ ਵਿਸ਼ੇ ਪੜ੍ਹਨੇ ਹੋਣਗੇ—

| | | |
|---|---|---|
| Paper BCG-101 | English (Compulsory) | 50 Marks |
| Paper BCG-102 | Punjabi/Basic Punjabi/Punjab History & Culture* | 50 Marks |
| Paper BCG-103 | Financial Accounting | 50 Marks |
| Paper BCG-104 | Business Organisation | 50 Marks |
| Paper BCG-105 | Business Communication | 50 Marks |
| Paper BCG-106 | Business Statistics | 50 Marks |
| Paper BCG-107 | Computer Fundamentals | 50 Marks |
| | | **Total 350 Marks** |

## B.Com. Semester-II

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਮੈਸਟਰ ਪ੍ਰਣਾਲੀ ਲਈ ਆਰਡੀਨੈਂਸ ਅਨੁਸਾਰ ਬੀ.ਕਾਮ. ਸਮੈਸਟਰ ਪਹਿਲੇ ਤੋਂ ਦੂਸਰੇ ਵਿੱਚ ਜਾਣ ਲਈ ਕੋਈ ਸ਼ਰਤ ਨਹੀਂ ਹੋਵੇਗੀ ਅਤੇ ਵਿਦਿਆਰਥੀ ਨੂੰ ਬੀ.ਕਾਮ. ਸਮੈਸਟਰ ਦੂਸਰੇ ਵਿੱਚ ਹੇਠ ਲਿਖੇ ਵਿਸ਼ੇ ਪੜ੍ਹਨੇ ਹੋਣਗੇ।

| | | | |
|---|---|---|---|
| Paper BCG-201 | English (Compulsory) | | 50 Marks |
| Paper BCG-202 | Punjabi/Basic Punjabi/Punjab History & Culture* | | 50 Marks |
| Paper BCG-203 | Advanced Financial Accounting | (Theory 40+Practical 10) | 50 Marks |
| Paper BCG-204 | Commercial Laws | | 50 Marks |
| Paper BCG-205 | Business Economics | | 50 Marks |
| Paper BCG-206 | Functional Management | | 50 Marks |
| Paper BCG-207 | Seminar | | 50 Marks |
| Paper | Drug Abuse : Problem, Management & Prevention (Compulsory) | | 100 Marks (Qualifying) |
| | | | **Total 350 Marks** |

## B.Com. Semester-III

ਬੀ.ਕਾਮ. ਸਮੈਸਟਰ ਤੀਜਾ ਵਿੱਚ ਸਿਰਫ ਉਹ ਹੀ ਵਿਦਿਆਰਥੀ ਦਾਖਲਾ ਲੈਣ ਦੇ ਯੋਗ ਹੋਣਗੇ, ਜਿਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਬੀ.ਕਾਮ. ਸਮੈਸਟਰ ਪਹਿਲਾ ਅਤੇ ਦੂਜਾ ਦੇ ਘੱਟੋ ਘੱਟ 50 ਫੀਸਦੀ ਵਿਸ਼ੇ ਪਾਸ ਕੀਤੇ ਹੋਣ ਜਾਂ ਕਿਸੇ ਹੋਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਬਰਾਬਰ ਦੀ ਪ੍ਰੀਖਿਆ ਪਾਸ ਕੀਤੀ ਹੋਵੇਗੀ। ਬੀ.ਕਾਮ. ਸਮੈਸਟਰ ਤੀਜਾ ਵਿੱਚ ਵਿਦਿਆਰਥੀਆਂ ਨੂੰ ਹੇਠ ਲਿਖੇ ਵਿਸ਼ੇ ਪੜ੍ਹਨੇ ਹੋਣਗੇ—

| | | |
|---|---|---|
| Paper BCG-301 | English (Compulsory) | 50 Marks |
| Paper BCG-302 | Punjabi/Basic Punjabi/Punjab History & Culture* | 50 Marks |
| Paper BCG-303 | Corporate Accounting | 50 Marks |
| Paper BCG-304 | Company Laws | 50 Marks |
| Paper BCG-305 | Financial Management | 50 Marks |
| Paper BCG-306 | International Business | 50 Marks |
| Paper BCG-307 | Business Environment | 50 Marks |
| | | Total 350 Marks |

## B.Com. Semester-IV

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਮੈਸਟਰ ਪ੍ਰਣਾਲੀ ਲਈ ਜਾਰੀ ਆਰਡੀਨੈਂਸ ਅਨੁਸਾਰ ਬੀ.ਕਾਮ. ਦੇ ਤੀਸਰੇ ਤੋਂ ਚੌਥੇ ਸਮੈਸਟਰ ਵਿੱਚ ਜਾਣ ਲਈ ਕੋਈ ਸ਼ਰਤ ਨਹੀਂ ਹੋਵੇਗੀ ਅਤੇ ਬੀ.ਕਾਮ. ਸਮੈਸਟਰ ਚੌਥਾ ਵਿੱਚ ਵਿਦਿਆਰਥੀ ਲਈ ਹੇਠ ਲਿਖੇ ਵਿਸ਼ੇ ਪੜ੍ਹਨੇ ਲਾਜ਼ਮੀ ਹੋਣਗੇ।

| | | |
|---|---|---|
| Paper BCG-401 | English (Compulsory) | 50 Marks |
| Paper BCG-402 | Punjabi/Basic Punjabi/Punjab History & Culture* | 50 Marks |
| Paper BCG-403 | Goods and Services Tax | 50 Marks |
| Paper BCG-404 | Industrial Laws | 50 Marks |
| Paper BCG-405 | Principles and Practice of Banking and Insurance | 50 Marks |
| Paper BCG-406 | Cost Accounting | 50 Marks |
| Paper BCG-407 | Seminar | 50 Marks |
| Paper ESL-221 | Environmental Studies (Compulsory) | 100 Marks (Qualifying) |
| | | **Total 350 Marks** |

## B.Com. Semester–V

ਬੀ.ਕਾਮ. ਸਮੈਸਟਰ ਪੰਜਵੇਂ ਵਿੱਚ ਸਿਰਫ਼ ਉਹ ਹੀ ਵਿਦਿਆਰਥੀ ਦਾਖ਼ਲਾ ਲੈਣ ਦੇ ਯੋਗ ਹੋਣਗੇ, ਜਿਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਬੀ.ਕਾਮ. ਦੇ ਪਹਿਲੇ ਚਾਰ ਸਮੈਸਟਰਾਂ ਦੇ ਘੱਟੋ ਘੱਟ 50 ਫੀਸਦੀ ਵਿਸ਼ੇ ਪਾਸ ਕੀਤੇ ਹੋਣ ਜਾਂ ਕਿਸੇ ਹੋਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਬਰਾਬਰ ਦੀ ਪ੍ਰੀਖਿਆ ਪਾਸ ਕੀਤੀ ਹੋਵੇਗੀ। ਬੀ.ਕਾਮ. ਸਮੈਸਟਰ ਪੰਜਵਾਂ ਵਿੱਚ ਵਿਦਿਆਰਥੀਆਂ ਨੂੰ ਹੇਠ ਲਿਖੇ ਵਿਸ਼ੇ ਪੜ੍ਹਨੇ ਹੋਣਗੇ—

| | | |
|---|---|---|
| Paper BCG–501 | English (Compulsory) | 50 Marks |
| Paper BCG–502 | Punjabi/Basic Punjabi/Punjab History & Culture* | 50 Marks |
| Paper BCG–503 | Management Accounting | 50 Marks |
| Paper BCG–504 | Direct Tax Laws | 50 Marks |
| Paper BCG–505 | Auditing | 50 Marks |
| Paper BCG–511 | Specialization-I Contemporary Accounting | 50 Marks |
| Paper BCG–512 | Specialization-I Financial Market Operations | 50 Marks |
| | | **Total 350 Marks** |

## B.Com. Semester–VI

**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਮੈਸਟਰ ਪ੍ਰਣਾਲੀ ਲਈ ਜਾਰੀ ਆਰਡੀਨੈਂਸ ਅਨੁਸਾਰ ਬੀ.ਕਾਮ. ਸਮੈਸਟਰ ਛੇਵਾਂ ਵਿੱਚ ਸਿਰਫ ਉਹੀ ਵਿਦਿਆਰਥੀ ਦਾਖਲਾ ਲੈਣ ਦੇ ਯੋਗ ਹੋ ਸਕਣਗੇ ਜਿਸ ਨੇ ਬੀ.ਕਾਮ. ਸਮੈਸਟਰ ਪਹਿਲਾ ਦੇ ਸਾਰੇ ਪੇਪਰ ਪਾਸ ਕੀਤੇ ਹੋਣਗੇ। ਜਿਨ੍ਹਾਂ ਵਿਦਿਆਰਥੀਆਂ ਨੂੰ ਪਹਿਲੇ ਸਮੈਸਟਰ ਵਿੱਚ ਰੀ-ਅਪੀਅਰ ਹੋਣ ਕਾਰਣ ਛੇਵੇਂ ਸਮੈਸਟਰ ਵਿੱਚ ਦਾਖਲਾ ਨਹੀਂ ਦਿੱਤਾ ਗਿਆ ਹੋਵੇਗਾ, ਉਹਨਾਂ ਦੇ ਨਤੀਜਾ ਆਉਣ ਭਾਵ ਰੀ-ਅਪੀਅਰ ਪਾਸ ਕਰਨ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ (12+3 ਗ੍ਰੇਸ ਦਿਨ, ਕੈਲੰਡਰ Vol. II, ਪੰਨਾ 26, ਪੈਰ੍ਹਾ 06 ਅਨੁਸਾਰ) ਕਾਲਜ ਵਲੋਂ ਉਸਦੇ ਦਾਖਲੇ ਨੂੰ ਰੈਗੂਲਰਾਈਜ ਕੀਤਾ ਜਾਵੇਗਾ। ਪ੍ਰੰਤੂ ਉਸ ਵਿਦਿਆਰਥੀ ਦੀ ਡਿਗਰੀ ਪੂਰੀ ਕਰਨ ਦਾ ਸਮਾਂ ਸਮੈਸਟਰ ਸਿਸਟਮ ਆਰਡੀਨੈਂਸ ਮੁਤਾਬਕ ਹੀ ਹੋਵੇਗਾ।**

| | | |
|---|---|---|
| Paper BCG–601 | English (Compulsory) | 50 Marks |
| Paper BCG–602 | Punjabi/Basic Punjabi/Punjab History & Culture* | 50 Marks |
| Paper BCG–603 | Operations Research | 50 Marks |
| Paper BCG–604 | Corporate Governance | 50 Marks |
| Paper BCG–605 | Workshop | 50 Marks |
| Paper BCG–611 | Specialization-I Portfolio Management | 50 Marks |
| Paper BCG–612 | Specialization-I Financial Services | 50 Marks |
| | | **Total 350 Marks** |

**ਕਿੱਤਾ ਸੰਭਾਵਨਾਵਾਂ—**ਤਿੰਨ ਸਾਲਾ (ਛੇ ਸਮੈਸਟਰ) ਬੀ.ਕਾਮ. ਡਿਗਰੀ ਦਾ ਆਪਣਾ ਖਾਸ ਮਹੱਤਵ ਹੈ, ਜਿਸ ਨੂੰ ਪਾਸ ਕਰਨ ਉਪਰੰਤ ਵਿਦਿਆਰਥੀ ਲੇਖਾ ਤੇ ਪ੍ਰਬੰਧਨ, ਬੈਂਕ ਅਤੇ ਬੀਮਾ ਖੇਤਰ, ਅਧਿਆਪਨ ਅਤੇ ਖੋਜ ਖੇਤਰ ਦੇ ਨਾਲ–ਨਾਲ ਸਿਵਲ ਸੇਵਾਵਾਂ ਲਈ ਵੀ ਯੋਗ ਬਣ ਜਾਂਦੇ ਹਨ। ਵਿਦਿਆਰਥੀ Company Secretary, I.C.W.A. ਜਾਂ Charted Accountant ਦਾ ਕੋਰਸ ਵੀ ਪਾਸ ਕਰ ਸਕਦੇ ਹਨ, ਜਿਨ੍ਹਾਂ ਦਾ ਪ੍ਰਾਈਵੇਟ ਅਤੇ ਸਰਕਾਰੀ ਪ੍ਰਬੰਧਨ ਖੇਤਰ ਵਿੱਚ ਬੜਾ ਉੱਜਲ ਭਵਿੱਖ ਹੈ। ਵਿਦਿਆਰਥੀ ਬੀ.ਕਾਮ ਪਾਸ ਕਰਨ ਉਪਰੰਤ M.Com., M.B.A., M.B.E., M.F.C., M.P.M.I.R. and M.I.B. ਵਰਗੇ ਪ੍ਰੋਫੈਸ਼ਨਲ ਕੋਰਸਾਂ ਵਿੱਚ ਦਾਖਲਾ ਲੈਣ ਦੇ ਯੋਗ ਬਣ ਜਾਂਦੇ ਹਨ।

***Note : *For those who have not studied Punjabi upto Matric Level.***

## P.G.D.C.A. (Semester System) (Total Available Seats = 60)

ਕਿਸੇ ਵੀ ਫੈਕਲਟੀ ਵਿੱਚ ਘੱਟੋ–ਘੱਟ 45 ਫੀਸਦੀ ਅੰਕਾਂ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਜਾਂ ਕਿਸੇ ਵੀ ਹੋਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਜਾਂ ਬਰਾਬਰ ਦਾ ਇਮਤਿਹਾਨ ਪਾਸ ਕਰਨ ਉਪਰੰਤ ਵਿਦਿਆਰਥੀ ਇਸ ਕੰਪਿਊਟਰ, ਸੰਬੰਧਤ ਪ੍ਰੋਗਰਾਮਿੰਗ ਅਤੇ ਸੂਚਨਾ ਤਕਨਾਲੌਜੀ ਉੱਪਰ ਅਧਾਰਤ ਇੱਕ ਸਾਲਾ (ਦੋ ਸਮੈਸਟਰ) ਡਿਪਲੋਮਾ ਕੋਰਸ ਵਿੱਚ ਦਾਖਲਾ ਲੈ ਸਕਦੇ ਹਨ। ਇਸ ਵਿੱਚ ਵਿਦਿਆਰਥੀ ਨੂੰ ਹੇਠ ਲਿਖੇ ਵਿਸ਼ੇ ਪੜ੍ਹਨੇ ਪੈਣਗੇ—

### Semester–I

| Paper | Name of the Paper | Theory+Practical |
|---|---|---|
| Paper–I | PC Computing-I (MS Office) 2003 | 50+50 Marks |
| Paper–II | PC Computing-II (Professional DTP) | 50+50 Marks |
| Paper–III | Fundamentals of Computer & Operating Systems | 50+50 Marks |
| Paper–IV | Database Management System Through Oracle-10g & System Analysis & Design | 50+50 Marks |

## Semester-II

| | | |
|---|---|---|
| Paper-I | Network Concepts & Management<br>Hardware, Software, Setting in LINUX/UNIX | 50+50 Marks |
| Paper-II | Programming in C | 50+50 Marks |
| Paper-III | Introduction to Scripting Language, Web Designing & Use of Internet | 50+50 Marks |
| Paper-IV | Optional<br>Opt. (i) Programming in Visual Basic with Active X<br>Opt. (ii) e-Commerce/Business<br>Opt. (iii) Multimedia System<br>Opt. (iv) Installation and Maintenance of Computer System. | 50+50 Marks |

**ਕਿੱਤਾ ਸੰਭਾਵਨਾਵਾਂ—**ਇਸ ਇੱਕ ਸਾਲਾ (ਦੋ ਸਮੈਸਟਰ) ਡਿਪਲੋਮਾ ਕੋਰਸ ਨੂੰ ਪਾਸ ਕਰਨ ਉਪਰੰਤ ਵਿਦਿਆਰਥੀ ਕੰਪਿਊਟਰ, ਸੰਬੰਧਤ ਪ੍ਰੋਗਰਾਮਿੰਗ, ਇੰਟਰਨੈੱਟ ਅਤੇ ਡੀਟੀਪੀ ਵਿਕਾਸ ਦੀ ਵਿਵਹਾਰਕ ਜਾਣਕਾਰੀ ਅਤੇ ਨਿਪੁੰਨਤਾ ਪ੍ਰਾਪਤ ਕਰ ਲੈਂਦੇ ਹਨ। ਅਜਿਹੇ ਵਿਦਿਆਰਥੀ Computer Operator, Desktop Publishing, Networking and Database Management Facilitators ਦੇ ਤੌਰ 'ਤੇ ਕੰਮ ਕਰਨ ਦੇ ਯੋਗ ਹੋ ਜਾਂਦੇ ਹਨ। ਜਿਨ੍ਹਾਂ ਵਿਦਿਆਰਥੀਆਂ ਨੇ ਗ੍ਰੈਜੂਏਸ਼ਨ ਵਿੱਚ ਕੰਪਿਊਟਰ ਦਾ ਵਿਸ਼ਾ ਨਾ ਪੜ੍ਹਿਆ ਹੋਵੇ ਉਨ੍ਹਾਂ ਲਈ ਵੀ ਇਹ ਡਿਪਲੋਮਾ ਕੋਰਸ ਬੜਾ ਲਾਭਦਾਇਕ ਹੈ, ਕਿਉਂਕਿ ਕਲੈਰੀਕਲ ਪੋਸਟਾਂ ਦੀ ਭਰਤੀ ਵਾਸਤੇ ਵੀ ਗ੍ਰੈਜੂਏਸ਼ਨ ਦੇ ਨਾਲ-ਨਾਲ ਕੰਪਿਊਟਰ ਵਿੱਚ ਮੁਹਾਰਤ ਜ਼ਰੂਰੀ ਹੋ ਗਈ ਹੈ। ਬੈਂਕ, ਬੀਮਾ ਅਤੇ ਹੋਰ ਨਿੱਜੀ ਕੰਪਨੀਆਂ ਵਿੱਚ ਵੀ ਕਲਰਕ ਅਤੇ ਡਾਟਾ ਐਂਟਰੀ ਆਪ੍ਰੇਟਰ ਦੀ ਨਿਯੁਕਤੀ ਲਈ ਇਹ ਡਿਪਲੋਮਾ ਪਾਸ ਕਰਨਾ ਜ਼ਰੂਰੀ ਹੈ।

# M.A. Political Science (Total Available Seats = 60)

**ਦਾਖਲਾ ਯੋਗਤਾ ਸ਼ਰਤਾਂ :-**

ਉਹ ਵਿਦਿਆਰਥੀ ਜਿਨ੍ਹਾਂ ਨੇ ਘੱਟੋ-ਘੱਟ 50 ਫੀਸਦੀ ਅੰਕਾਂ ਨਾਲ ਕਿਸੇ ਵੀ ਵਿਸ਼ੇ ਵਿੱਚ ਗ੍ਰੈਜੂਏਸ਼ਨ ਪਾਸ ਕੀਤੀ ਹੋਵੇ ਜਾਂ ਪੋਲੀਟੀਕਲ ਸਾਇੰਸ/ਪਬਲਿਕ ਐਡਮਨਿਸਟ੍ਰੇਸ਼ਨ/ਸ਼ੋਸਿਆਲੋਜ਼ੀ ਵਿਸ਼ੇ ਵਿੱਚ ਘੱਟੋ-ਘੱਟ 45 ਫ਼ੀਸਦੀ ਅੰਕਾਂ ਨਾਲ ਗ੍ਰੈਜੂਏਸ਼ਨ ਪਾਸ ਕੀਤੀ ਹੋਵੇ ਜਾਂ ਕਿਸੇ ਵੀ ਵਿਸ਼ੇ ਵਿੱਚ ਮਾਸਟਰਜ਼ (ਐਮ.ਏ) ਦੀ ਡਿਗਰੀ ਪਾਸ ਕੀਤੀ ਹੋਵੇ ਜਾਂ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਬਰਾਬਰ ਦੀ ਪ੍ਰੀਖਿਆ ਪਾਸ ਕੀਤੀ ਹੋਵੇ, ਉਹ ਐਮ.ਏ. (ਪੋਲੀਟੀਕਲ ਸਾਇੰਸ) ਸਮੈਸਟਰ ਪਹਿਲਾ ਵਿੱਚ ਦਾਖਲਾ ਲੈਣ ਦੇ ਯੋਗ ਹੋਣਗੇ।

## Semester-I

| Paper | Name of the Paper | Theory |
|---|---|---|
| Paper-I | Western Political Thought | 80 Marks |
| Paper-II | International Politics | 80 Marks |
| Paper-III | Indian Political System | 80 Marks |
| Paper-IV | Principles of Public Administration | 80 Marks |
| Paper-V | Political Sociology | 80 Marks |

## Semester-II

| Paper | Name of the Paper | Theory |
|---|---|---|
| Paper-VI | Western Political thought-II | 80 Marks |
| Paper-VII | Modern Political Analysis | 80 Marks |
| Paper-VIII | Comparative Political System : UK, USA, France and People's Republic of China | 80 Marks |
| Paper-IX | Issues and Trends in Indian Politics | 80 Marks |
| Paper-X | Public Policy | 80 Marks |

ਵਿਦਿਆਰਥੀ ਐਮ.ਏ. ਭਾਗ ਪਹਿਲਾ (ਸਮੈਸਟਰ I ਅਤੇ II) ਦੇ ਘੱਟੋ ਘੱਟ 50 ਫੀਸਦੀ ਵਿਸ਼ੇ ਪਾਸ ਕਰਨ ਉਪਰੰਤ ਹੀ ਸਮੈਸਟਰ ਤੀਜਾ ਵਿੱਚ ਦਾਖਲਾ ਲੈਣ ਦੇ ਯੋਗ ਹੋਣਗੇ ਅਤੇ ਇਸ ਸਮੈਸਟਰ ਵਿੱਚ ਹੇਠ ਲਿਖੇ ਵਿਸ਼ੇ ਪੜ੍ਹਨਗੇ :-

## Semester-III

| Paper | Name of the Paper | Theory |
|---|---|---|
| Paper-XI | Politics of International Economic Relations | 80 Marks |
| Paper-XII | Foreign Policy of India | 80 Marks |
| Paper-XIII | International Law | 80 Marks |
| Paper-XIV | International Organization | 80 Marks |
| Paper-XV | Human Rights | 80 Marks |

## Semester-IV

| Paper | Name of the Paper | Theory |
|---|---|---|
| Paper-XVI | Recent Political Theory | 80 Marks |
| Paper-XVII | Indian Political Thought | 80 Marks |
| Paper-XVIII | Government and Politics in Punjab | 80 Marks |
| Paper-XIX | Research Methods in Social Sciences | 80 Marks |
| Paper-XX | Politics in South Asia | 80 Marks |

**ਕਿੱਤਾ ਸੰਭਾਵਨਾਵਾਂ—**ਇਸ ਦੋ ਸਾਲਾ (ਚਾਰ ਸਮੈਸਟਰ) ਮਾਸਟਰ ਡਿਗਰੀ ਨੂੰ ਪਾਸ ਕਰਨ ਉਪਰੰਤ ਵਿਦਿਆਰਥੀ ਬੀ.ਐੱਡ ਕਰਕੇ ਸਕੂਲਾਂ ਵਿੱਚ ਐੱਸ.ਐੱਸ. ਅਧਿਆਪਕ ਅਤੇ ਯੂ.ਜੀ.ਸੀ. ਨੈੱਟ ਪ੍ਰੀਖਿਆ ਪਾਸ ਕਰਕੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪ੍ਰਾਧਿਆਪਕ ਲੱਗਣ ਲਈ ਯੋਗ ਬਣ ਸਕਦੇ ਹਨ। ਕਾਨੂੰਨ (ਐੱਲ.ਐੱਲ.ਬੀ.) ਦੇ ਵਿਦਿਆਰਥੀਆਂ ਲਈ ਇਹ ਵਿਸ਼ਾ ਖਾਸ ਮਹੱਤਵ ਰੱਖਦਾ ਹੈ ਕਿਉਂਕਿ ਸੰਵਿਧਾਨ ਅਤੇ ਕਾਨੂੰਨ ਨਾਲ ਸੰਬੰਧਤ ਵਿਸ਼ਿਆਂ ਦੀ ਇਸ ਕੋਰਸ ਵਿੱਚ ਪੜ੍ਹਾਈ ਕਰਾਈ ਜਾਂਦੀ ਹੈ। ਸਿਵਿਲ ਸੇਵਾਵਾਂ ਦੀ ਪ੍ਰੀਖਿਆ ਪਾਸ ਕਰਨ ਵਿੱਚ ਵੀ ਇਹ ਵਿਸ਼ਾ ਸਹਾਇਕ ਹੁੰਦਾ ਹੈ। ਵਿਦੇਸ਼ ਜਾਣ ਵਾਲੇ ਵਿਦਿਆਰਥੀ ਵੀ ਇਸ ਕੋਰਸ ਰਾਹੀਂ ਵੱਖ-ਵੱਖ ਦੇਸ਼ਾਂ ਦੀਆਂ ਰਾਜਨੀਤਿਕ ਪ੍ਰਣਾਲੀਆਂ ਅਤੇ ਸੰਵਿਧਾਨ ਬਾਰੇ ਤੁਲਨਾਤਮਕ ਗਿਆਨ ਪ੍ਰਾਪਤ ਕਰ ਸਕਦੇ ਹਨ।

## ਦਾਖ਼ਲੇ ਦੀ ਕਾਰਵਾਈ ਅਤੇ ਨਿਯਮ

1. **ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਦਾਖ਼ਲਾ ਨਿਯਮਾਂ ਅਨੁਸਾਰ ਹਰ ਵਿਦਿਆਰਥੀ ਨੂੰ ਨਿੱਜੀ ਤੌਰ ਤੇ ਆਪਣੀ ਈ.ਮੇਲ. ਆਈ.ਡੀ ਬਣਾਕੇ ਯੂਨੀਵਰਸਿਟੀ ਪੋਰਟਲ ਤੇ ਆਨਲਾਈਨ ਰਜਿਸਟਰ ਕਰਵਾਉਣਾ ਜਰੂਰੀ ਹੈ। ਆਨਲਾਈਨ ਦਾਖਲਾ ਪ੍ਰਕ੍ਰਿਆ ਵਾਸਤੇ ਅੱਗੇ ਲਿਖੇ ਦਸਤਾਵੇਜ਼ ਜ਼ਰੂਰੀ ਹਨ : ਵਿਦਿਆਰਥੀ ਦੀ ਪਾਸਪੋਰਟ ਸਾਈਜ਼ ਫੋਟੋ, ਈ.ਮੇਲ ਆਈ.ਡੀ., ਆਧਾਰ ਕਾਰਡ, ਮੋਬਾਇਲ ਨੰਬਰ ਅਤੇ ਪਿਛਲੀ ਕਲਾਸ ਪਾਸ ਕਰਨ ਦਾ ਸਬੂਤ (ਐਨ.ਏ.ਡੀ.ਆਈ.ਡੀ.)।**
2. **ਕਾਲਜ ਵਿੱਚ ਦਾਖ਼ਲਾ ਲੈਣ ਲਈ ਵਿਦਿਆਰਥੀ ਨੂੰ ਜਾਣਕਾਰੀ ਪੁਸਤਿਕਾ ਨਾਲ ਮਿਲਿਆ ਦਾਖ਼ਲਾ ਫਾਰਮ ਆਪਣੇ ਹੱਥੀਂ ਆਪ ਭਰਨਾ ਹੋਵੇਗਾ। ਇਸ ਦੇ ਨਾਲ ਤਿੰਨ ਪਾਸਪੋਰਟ ਅਕਾਰ ਦੀਆਂ ਆਪਣੀਆਂ ਤਾਜ਼ਾ ਫੋਟੋ, ਦਸਵੀਂ ਜਮਾਤ ਅਤੇ ਪਿਛਲੀ ਬੋਰਡ/ਯੂਨੀਵਰਸਿਟੀ ਪ੍ਰੀਖਿਆ ਪਾਸ ਕਰਨ ਦਾ ਅਸਲ ਪ੍ਰਮਾਣ ਪੱਤਰ (ਸਮੇਤ ਫੋਟੋ ਕਾਪੀ), ਚਰਿੱਤਰ ਪ੍ਰਮਾਣ ਪੱਤਰ (ਜੋ ਕਿ ਪਿਛਲੇ ਸਕੂਲ/ਕਾਲਜ ਦੇ ਪ੍ਰਿੰਸੀਪਲ ਦੁਆਰਾ ਜਾਰੀ ਕੀਤਾ ਗਿਆ ਹੋਵੇ) ਲਗਾਉਣਾ ਪਵੇਗਾ। ਇਸ ਦੇ ਨਾਲ ਹੀ ਵੋਟਰ ਕਾਰਡ ਅਤੇ ਆਧਾਰ ਕਾਰਡ ਦੀ ਫੋਟੋ ਕਾਪੀ ਵੀ ਲਗਾਉਣੀ ਜਰੂਰੀ ਹੈ।**
3. ਦਾਖ਼ਲਾ ਯੋਗਤਾ/ਸ਼ਰਤਾਂ ਦੀ ਪੜਤਾਲ ਦਾਖ਼ਲਾ ਕਮੇਟੀ ਮੈਂਬਰਾਂ ਦੁਆਰਾ ਕੀਤੀ ਜਾਵੇਗੀ ਅਤੇ ਦਾਖ਼ਲਾ ਕਮੇਟੀ ਹੀ ਦਾਖ਼ਲੇ ਬਾਰੇ ਫੈਸਲਾ ਕਰੇਗੀ।
4. ਜਿਨ੍ਹਾਂ ਵਿਦਿਆਰਥੀਆਂ ਨੇ ਪਿਛਲੀ ਪ੍ਰੀਖਿਆ ਕਿਸੇ ਹੋਰ ਬੋਰਡ/ਯੂਨੀਵਰਸਿਟੀ (ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਇਲਾਵਾ) ਦੇ ਅਧੀਨ ਪਾਸ ਕੀਤੀ ਹੈ, ਉਹਨਾਂ ਨੂੰ ਦਾਖ਼ਲੇ ਦੀ ਤਾਰੀਖ਼ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਆਪਣਾ ਯੋਗਤਾ ਪ੍ਰਮਾਣ ਪੱਤਰ (Eligibility Certificate) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪ੍ਰਾਪਤ ਕਰਨਾ ਹੋਵੇਗਾ। ਦਾਖਲਾ ਹੋਣ ਤੋਂ ਬਾਅਦ ਅਜਿਹੇ ਸਾਰੇ ਵਿਦਿਆਰਥੀਆਂ ਦੇ ਯੋਗਤਾ ਪ੍ਰਮਾਣ ਪੱਤਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਭੇਜ ਦਿੱਤੇ ਜਾਣਗੇ।
5. ਯੂਨੀਵਰਸਿਟੀ ਤੋਂ ਯੋਗਤਾ ਪ੍ਰਮਾਣ ਪੱਤਰ ਪ੍ਰਾਪਤ ਕਰਨ ਲਈ ਬਿਨੈ ਫਾਰਮ ਦੇ ਨਾਲ 300 **ਰੁਪਏ ਫ਼ੀਸ** ਅਤੇ ਹੇਠ ਲਿਖੇ ਪ੍ਰਮਾਣ ਪੱਤਰ ਲਗਾਏ ਜਾਣ—
   (ੳ) ਪਿਛਲੀ ਪਾਸ ਕੀਤੀ ਪ੍ਰੀਖ਼ਿਆ ਦਾ ਅਸਲ ਨੰਬਰ ਕਾਰਡ
   (ਅ) ਸਬੰਧਤ ਬੋਰਡ/ਯੂਨੀਵਰਸਿਟੀ ਦੁਆਰਾ ਜਾਰੀ ਮਾਈਗ੍ਰੇਸ਼ਨ ਪ੍ਰਮਾਣ ਪੱਤਰ।
   ਅਜਿਹਾ ਨਾ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਦਾ ਯੋਗਤਾ ਪ੍ਰਮਾਣ ਪੱਤਰ ਪ੍ਰਾਪਤ ਕਰਨ ਲਈ ਬਿਨੈ ਫਾਰਮ ਯੂਨੀਵਰਸਿਟੀ ਨਹੀਂ ਭੇਜਿਆ ਜਾ ਸਕੇਗਾ।
6. ਜਿਨ੍ਹਾਂ ਵਿਦਿਆਰਥੀਆਂ ਨੇ ਪਿਛਲੀ ਪ੍ਰੀਖਿਆ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਬੋਰਡ/ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇਗੀ, ਨੂੰ ਸਬੰਧਤ ਬੋਰਡ/ਯੂਨੀਵਰਸਿਟੀ ਦੁਆਰਾ ਜਾਰੀ ਕੀਤਾ ਮਾਈਗ੍ਰੇਸ਼ਨ ਪ੍ਰਮਾਣ ਪੱਤਰ ਦੇਣਾ ਪਵੇਗਾ।
7. ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਬਿਹਾਰ ਇੰਟਰਮੀਡੀਏਟ ਕੌਂਸਲ, ਪਟਨਾ ਤੋਂ ਪਾਸ ਕੀਤੀ ਹੋਵੇ, ਉਹ ਯੋਗਤਾ ਪ੍ਰਮਾਣ ਪੱਤਰ ਤੋਂ ਬਿਨਾਂ ਦਾਖਲਾ ਪ੍ਰਾਪਤ ਨਹੀਂ ਕਰ ਸਕਣਗੇ। ਯੋਗਤਾ ਪ੍ਰਮਾਣ ਪੱਤਰ ਪ੍ਰਾਪਤ ਕਰਨ ਲਈ ਇਹਨਾਂ ਵਿਦਿਆਰਥੀਆਂ ਨੂੰ ਬਿਨੈ ਪੱਤਰ ਨਾਲ ਉੱਪਰ ਵਰਣਿਤ ਕੀਤੇ ਗਏ ਪ੍ਰਮਾਣ ਪੱਤਰ ਨਾਲ ਹੀ ਜਮ੍ਹਾਂ ਕਰਵਾਉਣੇ ਪੈਣਗੇ। ਇਸ ਦੇ ਨਾਲ ਹੀ ਉਹਨਾਂ ਨੂੰ ਅੰਕ ਵੇਰਵਾ ਕਾਰਡ, ਮਾਈਗ੍ਰੇਸ਼ਨ ਅਤੇ ਚਰਿੱਤਰ ਪ੍ਰਮਾਣ ਪੱਤਰ ਵੀ ਦਿਖਾਉਣਾ ਪਵੇਗਾ।
8. 10+2 ਦੀ ਪ੍ਰੀਖਿਆ ਨੈਸ਼ਨਲ ਓਪਨ ਸਕੂਲ, ਨਵੀਂ ਦਿੱਲੀ ਤੋਂ ਪਾਸ ਕਰਨ ਵਾਲੇ ਵਿਦਿਆਰਥੀ ਆਪਣਾ ਦਾਖਲਾ ਫਾਰਮ ਭਰਨ ਤੋਂ ਪਹਿਲਾਂ ਕਾਲਜ ਦਫ਼ਤਰ ਨੂੰ ਜ਼ਰੂਰ ਸੂਚਿਤ ਕਰਨ।
9. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨਾਲ ਸਬੰਧਤ ਕਿਸੇ ਹੋਰ ਕਾਲਜ ਤੋਂ ਪੜ੍ਹ ਕੇ ਆਏ ਵਿਦਿਆਰਥੀ ਇਸ ਕਾਲਜ ਵਿੱਚ ਦਾਖਲ ਹੋਣ ਸਮੇਂ, ਯੂਨੀਵਰਸਿਟੀ ਵੱਲੋਂ ਜਾਰੀ ਕੀਤਾ ਇੰਟਰ ਕਾਲਜ ਮਾਈਗ੍ਰੇਸ਼ਨ ਸਰਟੀਫਿਕੇਟ ਨਾਲ ਲੈ ਕੇ ਆਉਣ।

**ਨੋਟ—ਕਾਲਜ ਪ੍ਰਿੰਸੀਪਲ ਨੂੰ ਦਾਖ਼ਲਾ ਦੇਣ, ਨਾ ਦੇਣ ਜਾਂ ਦਾਖ਼ਲਾ ਰੱਦ ਕਰਨ ਦਾ ਪੂਰਾ ਅਧਿਕਾਰ ਹੈ।**

## ਦਾਖ਼ਲਾ ਸੀਟਾਂ ਦੀ ਰਿਜ਼ਰਵੇਸ਼ਨ

1. ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੁਆਰਾ ਜਾਰੀ ਪੱਤਰ ਨੰਬਰ HED-EDU10M.I./16/2021-3edu/Part(1)/1824 ਚੰਡੀਗੜ੍ਹ ਮਿਤੀ 17-08-2021 ਨੂੰ ਜਾਰੀ ਨੋਟੀਫਿਕੇਸ਼ਨ ਅਨੁਸਾਰ ਪੰਜਾਬ ਦੇ ਸਾਰੇ ਸਰਕਾਰੀ ਅਤੇ ਸਹਾਇਤਾ ਪ੍ਰਾਪਤ ਕਾਲਜਾਂ ਵਿੱਚ ਚਲ ਰਹੇ ਹਰੇਕ ਕੋਰਸ ਵਿੱਚ ਕੁੱਲ ਉਪਲਬੱਧ ਸੀਟਾਂ ਵਿੱਚੋਂ 20 ਫੀਸਦੀ ਸੀਟਾਂ ਅਨੁਸੂਚਿਤ ਜਾਤੀਆਂ, 08 ਫੀਸਦੀ ਸੀਟਾਂ ਪਛੜੀਆਂ ਸ਼੍ਰੇਣੀਆਂ, 13 ਫੀਸਦੀ ਸੀਟਾਂ ਸਾਬਕਾ ਫੋਜੀਆਂ ਜਾਂ ਉਹਨਾਂ ਦੇ ਆਸ਼ਿਰਤਾਂ, ਇੱਕ ਫੀਸਦੀ ਸੀਟਾਂ ਅਜ਼ਾਦੀ ਘੁਲਾਟੀਆਂ, ਤਿੰਨ ਫੀਸਦੀ ਸੀਟਾਂ ਸਰੀਰਕ ਤੌਰ ਤੇ ਅੰਗਹੀਣ ਵਿਦਿਆਰਥੀਆਂ ਅਤੇ ਤਿੰਨ ਫੀਸਦੀ ਸੀਟਾਂ ਖਿਡਾਰੀਆਂ ਵਾਸਤੇ ਰਾਖਵੀਆਂ ਹੋਣਗੀਆਂ। ਬਾਕੀ ਬਚਦੀਆਂ 52 ਫੀਸਦੀ ਸੀਟਾਂ ਜਨਰਲ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਹੋਣਗੀਆਂ।
2. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਨੁਸਾਰ ਹਰੇਕ ਕੋਰਸ ਵਿੱਚ ਪੰਜ ਸੀਟਾਂ ਉਹਨਾਂ ਗਰੀਬ ਵਿਦਿਆਰਥੀਆਂ ਲਈ ਰਾਖਵੀਂਆਂ ਹੋਣਗੀਆਂ ਜਿਹਨਾਂ ਦੀ ਸਲਾਨਾ ਪਰਿਵਾਰਿਕ ਆਮਦਨ 60,000 ਰੁਪਏ ਤੋਂ ਘੱਟ ਹੋਵੇਗੀ। ਇਹਨਾਂ ਵਿਦਿਆਰਥੀਆਂ ਨੂੰ ਸਮਰੱਥ ਅਧਿਕਾਰੀਆਂ ਵਲੋਂ ਜਾਰੀ ਆਮਦਨ ਦਾ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ।
3. ਹਰੇਕ ਕੋਰਸ ਵਿੱਚ ਪੰਜ ਵਾਧੂ ਸੀਟਾਂ ਸ਼ਾਨਦਾਰ ਖਿਡਾਰੀਆਂ ਵਾਸਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਰਾਖਵੀਂਆਂ ਹੋਣਗੀਆਂ।

## ਫ਼ੀਸ ਦਾ ਭੁਗਤਾਨ

1. ਇਸ ਵਿਦਿਅਕ ਸੈਸ਼ਨ ਦੌਰਾਨ 12 ਮਹੀਨਿਆਂ ਲਈ ਫ਼ੀਸ ਸਮੈਸਟਰ ਪ੍ਰਣਾਲੀ ਅਧੀਨ ਤਿੰਨ ਕਿਸ਼ਤਾਂ ਵਿੱਚ ਲਈ ਜਾਵੇਗੀ। ਦਾਖ਼ਲੇ ਸਮੇਂ ਹੋਰ ਰਾਸ਼ੀ ਦੇ ਨਾਲ-ਨਾਲ ਚਾਰ ਮਹੀਨਿਆਂ ਦੀ ਫੀਸ, ਸਲਾਨਾ ਖ਼ਰਚੇ ਅਤੇ ਅਗਲੇ ਸਮੈਸਟਰ ਦੀ ਯੂਨੀਵਰਸਿਟੀ ਪ੍ਰੀਖਿਆ ਫ਼ੀਸ ਲਈ ਜਾਵੇਗੀ।
2. ਬਾਕੀ ਰਹਿੰਦੀ ਫ਼ੀਸ ਦੋ ਕਿਸ਼ਤਾਂ ਵਿੱਚ ਲਈ ਜਾਵੇਗੀ। ਦੱਸੀ ਗਈ ਤਾਰੀਖ਼ ਤੱਕ ਕਿਸੇ ਕਾਰਨ ਫ਼ੀਸ ਨਾ ਜਮ੍ਹਾਂ ਕਰਵਾਉਣ ਦੀ ਸੂਰਤ ਵਿੱਚ ਪੰਜ ਰੁਪਏ ਪ੍ਰਤੀ ਦਿਨ ਜ਼ੁਰਮਾਨਾ ਵਸੂਲ ਕੀਤਾ ਜਾਵੇਗਾ। ਜੇਕਰ 10 ਦਿਨਾਂ ਦੇ ਅੰਦਰ-ਅੰਦਰ ਵੀ ਫ਼ੀਸ ਜਮ੍ਹਾਂ ਨਹੀਂ ਕਰਵਾਈ ਜਾਂਦੀ ਤਾਂ ਵਿਦਿਆਰਥੀ ਦਾ ਨਾਮ ਬਿਨਾਂ ਕਿਸੇ ਨੋਟਿਸ ਦੇ

ਕਾਲਜ ਰੋਲ ਤੋਂ ਕੱਟ ਦਿੱਤਾ ਜਾਵੇਗਾ।

3. ਜਿਸ ਵਿਦਿਆਰਥੀ ਦਾ ਨਾਮ ਫ਼ੀਸ ਦਾ ਭੁਗਤਾਨ ਸਮੇਂ ਸਿਰ ਨਾ ਕਰਨ ਕਰਕੇ ਕਾਲਜ ਰੋਲ ਤੋਂ ਕੱਟਿਆ ਗਿਆ ਹੋਵੇ, ਉਹ ਜ਼ੁਰਮਾਨੇ ਸਮੇਤ ਆਪਣੀ ਪੂਰੀ ਫ਼ੀਸ ਦੇ ਨਾਲ-ਨਾਲ ਪੰਜਾਹ ਰੁਪਏ (ਇੱਕ ਹਫਤੇ ਤੱਕ) ਮੁੜ-ਦਾਖ਼ਲਾ ਫ਼ੀਸ ਦੇ ਕੇ ਕਾਲਜ ਦੁਬਾਰਾ ਦਾਖ਼ਲ ਹੋ ਸਕਦਾ ਹੈ ਅਤੇ ਇਸ ਤੋਂ ਬਾਅਦ ਇੱਕ ਮਹੀਨੇ ਤੱਕ 100 ਰੁਪਿਆ ਮੁੜ-ਦਾਖ਼ਲਾ ਫ਼ੀਸ ਦੇ ਕੇ ਕਾਲਜ ਪ੍ਰਿੰਸੀਪਲ ਦੀ ਵਿਸ਼ੇਸ਼ ਆਗਿਆ ਨਾਲ ਹੀ ਦਾਖ਼ਲ ਹੋ ਸਕਦਾ ਹੈ।

4. **ਭੁਗਤਾਨ ਕੀਤੀਆਂ ਗਈਆਂ ਫ਼ੀਸਾਂ ਨਾ ਮੋੜਨ ਯੋਗ ਹੁੰਦੀਆਂ ਹਨ।**

## ਫ਼ੀਸ ਵਿੱਚ ਛੋਟ ਅਤੇ ਵਜ਼ੀਫ਼ਾ

ਅਨੁਸੂਚਿਤ ਜਾਤੀ (ਐਸ.ਸੀ.) ਜਾਂ ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ) ਨਾਲ ਸਬੰਧਤ ਕਾਲਜ ਵਿਦਿਆਰਥੀਆਂ ਨੂੰ ਪੰਜਾਬ/ਭਾਰਤ ਸਰਕਾਰ ਦੇ ਨਿਯਮਾਂ ਅਨੁਸਾਰ ਫ਼ੀਸ ਵਿੱਚ ਛੋਟ ਦਿੱਤੀ ਜਾਂਦੀ ਹੈ। ਇਹਨਾਂ ਵਿਦਿਆਰਥੀਆਂ ਲਈ ਦਾਖ਼ਲਾ ਫਾਰਮ ਦੇ ਨਾਲ ਨਾਲ ਹੇਠ ਲਿਖੇ ਪ੍ਰਮਾਣ ਪੱਤਰ ਜੋ ਕਿ ਤਹਿਸੀਲਦਾਰ ਜਾਂ ਐਸ.ਡੀ.ਐਮ ਜਾਂ ਜਿਲ੍ਹਾ ਭਲਾਈ ਅਫ਼ਸਰ ਜਾਂ ਕਾਰਜਕਾਰੀ ਮੈਜਿਸਟ੍ਰੇਟ ਦੁਆਰਾ ਜਾਰੀ ਕੀਤੇ ਹੋਣ ਲਗਾਉਣੇ ਜ਼ਰੂਰੀ ਹਨ :-

(ੳ) ਨਾਗਰਿਕਤਾ ਪ੍ਰਮਾਣ ਪੱਤਰ
(ਅ) ਜਾਤ ਪ੍ਰਮਾਣ ਪੱਤਰ
(ੲ) ਆਮਦਨ ਪ੍ਰਮਾਣ ਪੱਤਰ
(ਸ) ਸੰਬੰਧਿਤ ਵਿਭਾਗ ਵੱਲੋਂ ਜਾਰੀ ਫਰੀ-ਸ਼ਿਪ ਕਾਰਡ

ਜਿਹਨਾਂ ਐਸ.ਸੀ. ਵਿਦਿਆਰਥੀਆਂ ਦੇ ਮਾਪਿਆਂ ਦੀ ਸਲਾਨਾ ਆਮਦਨ 2.5 ਲੱਖ ਰੁਪਏ ਤੋਂ ਜ਼ਿਆਦਾ ਹੈ ਜਾਂ ਸਰਕਾਰੀ/ਅਰਧ ਸਰਕਾਰੀ ਕਰਮਚਾਰੀ ਹਨ ਜਾਂ ਆਮਦਨ ਕਰ ਅਦਾ ਕਰਦੇ ਹਨ ਅਤੇ ਓ.ਬੀ.ਸੀ. ਵਿਦਿਆਰਥੀ ਜਿਹਨਾਂ ਦੇ ਮਾਪਿਆਂ ਦੀ ਸਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਜ਼ਿਆਦਾ ਹੋਵੇ ਉਹਨਾਂ ਨੂੰ ਫ਼ੀਸ ਵਿੱਚ ਛੋਟ ਜਾਂ ਰਿਆਇਤ ਪ੍ਰਾਪਤ ਨਹੀਂ ਹੁੰਦੀ। ਯੋਗ ਐਸ.ਸੀ. ਅਤੇ ਓ.ਬੀ.ਸੀ. ਵਿਦਿਆਰਥੀ ਪੰਜਾਬ/ਭਾਰਤ ਸਰਕਾਰ ਦੁਆਰਾ ਉਪਲੱਬਧ ਹੇਠ ਲਿਖੀਆਂ ਵਜ਼ੀਫਾ ਸਕੀਮਾਂ ਦਾ ਲਾਭ ਵੀ ਉਠਾ ਸਕਦੇ ਹਨ :-

### (A) ਅਨੁਸੂਚਿਤ ਅਤੇ ਹੋਰ ਪੱਛੜੀਆਂ ਜਾਤੀਆਂ ਲਈ ਪੋਸਟ ਮੈਟਰਿਕ ਵਜ਼ੀਫ਼ਾ ਸਕੀਮ- ਯੋਗਤਾ ਸ਼ਰਤਾਂ :-

(1) ਵਿਦਿਆਰਥੀ ਦੇ ਮਾਪਿਆਂ/ਸਰਪ੍ਰਸਤ ਦੀ ਸਲਾਨਾ ਆਮਦਨ ਅਨੁਸੂਚਿਤ ਜਾਤੀਆਂ ਵਾਸਤੇ 2.5 ਲੱਖ ਰੁਪਏ ਅਤੇ ਹੋਰ ਪੱਛੜੀਆਂ ਜਾਤੀਆਂ ਵਾਸਤੇ ਇੱਕ ਲੱਖ ਰੁਪਏ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ।

(2) ਮਾਪਿਆਂ ਦੀ ਆਮਦਨ ਸਬੰਧੀ ਸਰਟੀਫਿਕੇਟ ਐਗਜ਼ੈਕਟਿਵ ਮੈਜਿਸਟ੍ਰੇਟ ਤੋਂ ਤਸਦੀਕਸ਼ੁਦਾ ਅਸਲ ਕਾਪੀ ਹੋਣਾ ਲਾਜ਼ਮੀ ਹੈ। ਜਿਹੜੇ ਮਾਪੇ ਕਿਸੇ ਸਰਕਾਰੀ/ਅਰਧ ਸਰਕਾਰੀ ਵਿਭਾਗ ਵਿੱਚ ਨੌਕਰੀ ਕਰਦੇ ਹਨ ਉਹਨਾਂ ਦਾ ਆਮਦਨ ਸਰਟੀਫਿਕੇਟ ਵਿਭਾਗ ਦੇ ਮੁੱਖੀ ਵਲੋਂ ਜਾਰੀ ਹੋਣਾ ਚਾਹੀਦਾ ਹੈ।

(3) ਜਾਤ ਸਬੰਧੀ ਸਰਟੀਫਿਕੇਟ, ਪਿਛਲੀ ਪ੍ਰੀਖਿਆ ਦਾ ਪਾਸ ਸਰਟੀਫਿਕੇਟ ਅਤੇ ਅਧਾਰ ਕਾਰਡ ਦੀ ਕਾਪੀ ਵੀ ਨਾਲ ਪੇਸ਼ ਕਰਨੀ ਜ਼ਰੂਰੀ ਹੋਵੇਗੀ।

(4) ਵਿਦਿਆਰਥੀ ਦੇ ਬੈਂਕ ਖ਼ਾਤੇ ਦੀ ਪੂਰਨ ਜਾਣਕਾਰੀ ਸਮੇਤ ਖ਼ਾਤਾ ਨੰਬਰ, ਬੈਂਕ ਸ਼ਾਖ਼ਾ ਅਤੇ ਉਸ ਦਾ ਆਈ.ਐਫ.ਐਸ.ਸੀ. ਕੋਡ, ਦੀ ਕਾਪੀ ਨੱਥੀ ਕਰਨੀ ਲਾਜ਼ਮੀ ਹੈ।

(5) ਸੈਸ਼ਨ 2022-23 ਦੌਰਾਨ ਉਪਰੋਕਤ ਵਜ਼ੀਫ਼ਾ ਪ੍ਰਾਪਤ ਕਰਨ ਲਈ ਨਵੇਂ ਵਿਦਿਆਰਥੀਆਂ ਦੁਆਰਾ ਬਿਨੈ ਪੱਤਰ ਦੇਣ ਵਾਸਤੇ ਆਖ਼ਰੀ ਮਿਤੀ ਪੰਜਾਬ ਸਰਕਾਰ ਦੁਆਰਾ ਨੋਟੀਫਾਈ ਹੋਵੇਗੀ।

### (B) ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਇਸਾਈ, ਬੋਧੀ, ਪਾਰਸੀ ਅਤੇ ਜੈਨ ਧਰਮ) ਦੇ ਵਿਦਿਆਰਥੀਆਂ ਲਈ ਪੋਸਟ ਮੈਟਰਿਕ ਮੈਰਿਟ-ਕਮ-ਮੀਨਜ਼ ਵਜ਼ੀਫ਼ਾ ਸਕੀਮ—ਯੋਗਤਾ ਮਾਪਦੰਡ :-

(1) ਵਿਦਿਆਰਥੀਆਂ ਦੇ ਮਾਪਿਆਂ ਦੀ ਸਲਾਨਾ ਆਮਦਨ 2.5 ਲੱਖ ਰੁਪਏ ਤੋਂ ਵੱਧ ਨਾ ਹੋਵੇ।

(2) ਪਿਛਲੀ ਕਲਾਸ ਪ੍ਰੀਖਿਆ ਵਿੱਚ ਵਿਦਿਆਰਥੀ ਨੇ ਘੱਟੋ ਘੱਟ 50 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹੋਣ।

(3) ਇਸ ਸਕੀਮ ਅਧੀਨ ਬਿਨੈ ਪੱਤਰ ਦੇਣ ਵਾਲਾ ਵਿਦਿਆਰਥੀ ਪੰਜਾਬ/ਭਾਰਤ ਸਰਕਾਰ ਦੀ ਕਿਸੇ ਵੀ ਹੋਰ ਵਜ਼ੀਫ਼ਾ ਸਕੀਮ ਲਈ ਬਿਨੈ ਪੱਤਰ ਨਹੀਂ ਭਰ ਸਕਦਾ।

(4) ਮਾਪਿਆਂ ਦੀ ਆਮਦਨ ਸਬੰਧੀ ਸਰਟੀਫਿਕੇਟ ਨਾਨ ਜੁਡੀਸ਼ੀਅਲ ਸਟੈਂਪ ਪੇਪਰ ਉੱਪਰ ਹਲਫ਼ੀਆ ਬਿਆਨ ਦੀ ਸ਼ਕਲ ਵਿੱਚ ਸੈਲਫ ਸਰਟੀਫਿਕੇਸ਼ਨ ਦੇ ਰੂਪ ਵਿੱਚ ਹੋਣਾ ਚਾਹੀਦਾ ਹੈ। ਜਦੋਂ ਕਿ ਜਿਹੜੇ ਮਾਪੇ ਕਿਸੇ ਸਰਕਾਰੀ/ਅਰਧ ਸਰਕਾਰੀ ਵਿਭਾਗ ਵਿੱਚ ਨੌਕਰੀ ਕਰਦੇ ਹਨ ਉਹਨਾਂ ਦਾ ਆਮਦਨ ਸਰਟੀਫਿਕੇਟ ਵਿਭਾਗ ਦੇ ਮੁੱਖੀ ਵਲੋਂ ਜਾਰੀ ਕੀਤਾ ਹੋਣਾ ਚਾਹੀਦਾ ਹੈ।

(5) ਵਿਦਿਆਰਥੀਆਂ ਲਈ ਉਪਰੋਕਤ ਸਕਾਲਰਸ਼ਿਪ ਵਾਸਤੇ ਆਨਲਾਈਨ ਬਿਨੈਪੱਤਰ ਭਰਨ ਲਈ ਭਾਰਤ ਸਰਕਾਰ ਦੇ National scholarship portal ਉੱਪਰ ਰਜਿਸਟ੍ਰੇਸ਼ਨ ਕਰਵਾਉਣੀ ਹੋਵੇਗੀ।

### (C) ਹੋਰ ਵਜੀਫ਼ਾ ਸਕੀਮਾਂ :-

ਯੋਗ ਕਾਲਜ ਵਿਦਿਆਰਥੀਆਂ ਨੂੰ ਉਪਰੋਕਤ ਵਜ਼ੀਫ਼ਾ ਸਕੀਮਾਂ ਤੋਂ ਇਲਾਵਾ ਕਈ ਹੋਰ ਨਿੱਜੀ ਸੰਸਥਾਵਾਂ/ਟਰੱਸਟਾਂ ਜਿਵੇਂ ਕਿ ਸੀਤਾ ਰਾਮ ਜਿੰਦਲ ਫਾਊਂਡੇਸ਼ਨ, ਨਵੀਂ ਦਿੱਲੀ, ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ ਅਤੇ ਭਾਰਤੀ ਜੀਵਨ ਬੀਮਾ ਗੋਲਡਨ ਜੁਬਲੀ ਸਕਾਲਰਸ਼ਿਪ ਆਦਿ ਵਲੋਂ ਮੈਰਿਟ-ਕਮ-ਮੀਨਜ਼ ਅਧਾਰ ਤੇ ਉਪਲੱਬਧ ਵਜ਼ੀਫ਼ਿਆਂ ਲਈ ਬਿਨੈ ਪੱਤਰ ਭੇਜਣ ਵਾਸਤੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ। ਇਥੇ ਵਿਦਿਆਰਥੀਆਂ ਲਈ ਨੋਟ ਕਰਨਾ ਜ਼ਰੂਰੀ ਹੈ ਕਿ ਉਹ ਇੱਕੋਂ ਸਮੇਂ ਸਿਰਫ਼ ਇੱਕ ਹੀ ਵਜ਼ੀਫ਼ਾ ਸਕੀਮ ਦਾ ਲਾਭ ਉਠਾ ਸਕਦੇ ਹਨ।

## ਸਨਮਾਨ, ਇਨਾਮ ਅਤੇ ਫ਼ੀਸ ਵਿੱਚ ਰਿਆਇਤ

ਯੋਗ ਅਤੇ ਲਾਇਕ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਉਹਨਾਂ ਦੇ ਵਿਵਹਾਰ, ਆਚਰਣ, ਵਿੱਦਿਅਕ, ਸਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਪਾਏ ਯੋਗਦਾਨ ਦੇ ਅਨੁਸਾਰ ਕਾਲਜ ਵਲੋਂ ਸਨਮਾਨ, ਇਨਾਮ ਅਤੇ ਫ਼ੀਸ ਵਿੱਚ ਰਿਆਇਤ ਦਿੱਤੀ ਜਾਂਦੀ ਹੈ। ਜਿਵੇਂ ਕਿ :-

1. ਬੋਰਡ/ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਆਉਣ 'ਤੇ।
2. ਯੂਨੀਵਰਸਿਟੀ ਪ੍ਰੀਖਿਆ ਵਿੱਚ ਪਹਿਲੇ ਦਰਜੇ ਅਤੇ ਕਾਲਜ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ 'ਤੇ।
3. ਕਾਲਜ ਘਰੇਲੂ ਪ੍ਰੀਖਿਆ ਵਿੱਚ ਆਪਣੀ ਜਮਾਤ ਵਿੱਚੋਂ ਪਹਿਲੇ ਦਰਜੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ 'ਤੇ ਇਸ ਸ਼ਰਤ ਨਾਲ ਕਿ ਵਿਦਿਆਰਥੀ ਕਿਸੇ ਵੀ ਵਿਸ਼ੇ ਵਿੱਚ ਫ਼ੇਲ ਨਾ ਹੋਵੇ।
4. ਓਵਰਆਲ ਯੂਨੀਵਰਸਿਟੀ ਯੂਥ ਫੈਸਟੀਵਲ ਵਿੱਚ ਪਹਿਲੇ ਦੋ ਸਥਾਨਾਂ ਵਿੱਚੋਂ ਕੋਈ ਵੀ ਸਥਾਨ ਪ੍ਰਾਪਤ ਕਰਨ 'ਤੇ।
5. ਯੂਨੀਵਰਸਿਟੀ ਖੇਡ ਮੁਕਾਬਲੇ ਜਾਂ ਰਾਜ/ਯੂਨੀਵਰਸਿਟੀ ਟੀਮ ਦੀ ਪ੍ਰਤੀਨਿੱਧਤਾ ਕਰਨ ਅਤੇ ਮੁਕਾਬਲੇ ਦੌਰਾਨ ਪਹਿਲੇ ਦੋ ਸਥਾਨਾਂ ਵਿੱਚੋਂ ਕੋਈ ਵੀ ਸਥਾਨ ਪ੍ਰਾਪਤ ਕਰਨ ਜਾਂ ਕਾਲਜ ਦੇ ਸਲਾਨਾ ਖੇਡ ਮੁਕਾਬਲੇ ਵਿੱਚ 'ਬੈਸਟ ਐਥਲੀਟ' ਐਲਾਨੇ ਜਾਣ 'ਤੇ।
6. ਐਨ.ਸੀ.ਸੀ./ਐਨ.ਐਸ.ਐਸ. ਦਾ ਸਭ ਤੋਂ ਵਧੀਆ ਕੈਡਿਟ ਜਾਂ ਕੈਂਪਰ ਚੁਣੇ ਜਾਣ 'ਤੇ।

## ਵਿਸ਼ਿਆਂ ਦੀ ਤਬਦੀਲੀ ਸਬੰਧੀ ਨਿਯਮ

ਵਿਦਿਆਰਥੀ ਦੁਆਰਾ ਚੁਣੇ ਗਏ ਵਿਸ਼ਿਆਂ ਵਿੱਚੋਂ, ਕਿਸੇ ਇੱਕ ਵਿਸ਼ੇ ਜਾਂ ਵਿਸ਼ਿਆਂ ਦੀ ਤਬਦੀਲੀ ਸੈਸ਼ਨ ਦੇ ਆਰੰਭ ਤੋਂ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਭਾਵ 31 ਅਕਤੂਬਰ 2022 ਤੱਕ 50 ਰੁਪਏ ਪ੍ਰਤੀ ਵਿਸ਼ਾ ਫ਼ੀਸ ਦਾ ਭੁਗਤਾਨ ਕਰਕੇ ਹੀ ਕਰਵਾਈ ਜਾ ਸਕਦੀ ਹੈ। ਇਸ ਤੋਂ ਬਾਅਦ ਅਜਿਹੀ ਕੋਈ ਤਬਦੀਲੀ ਨਹੀਂ ਹੋ ਸਕੇਗੀ। ਬੀ.ਏ./ਬੀ.ਐਸ.ਸੀ. (ਇਕਨਾਮਿਕਸ)/ਬੀ.ਕਾਮ./ਬੀ.ਸੀ.ਏ. ਸਮੈਸਟਰ ਦੂਜਾ ਤੇ ਅਗਲੇ ਸਮੈਸਟਰਾਂ ਵਿੱਚ ਵਿਸ਼ਿਆਂ ਦੀ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ।

## ਵਿਦਿਆਰਥੀ ਦੀ ਹਾਜ਼ਰੀ ਸਬੰਧੀ ਨਿਯਮ

ਇਹ ਆਸ ਕੀਤੀ ਜਾਂਦੀ ਹੈ ਕਿ ਵਿਦਿਆਰਥੀ ਰੋਜ਼ਾਨਾ ਆਪਣੀ ਜਮਾਤ ਵਿੱਚ ਹਾਜ਼ਰ ਹੋਣਗੇ ਅਤੇ ਨਿਰਧਾਰਤ ਪੀਰੀਅਡ ਲਗਾਉਣਗੇ। ਯੂਨੀਵਰਸਿਟੀ ਨਿਯਮਾਂ ਅਨੁਸਾਰ ਹਰ ਵਿਦਿਆਰਥੀ ਲਈ ਜਮਾਤ ਵਿੱਚ ਸਬੰਧਤ ਪ੍ਰਾਅਧਿਆਪਕ ਦੁਆਰਾ ਦਿੱਤੇ ਗਏ ਘੱਟੋ ਘੱਟ 75 ਫੀਸਦੀ ਲੈਕਚਰ ਲਗਾਉਣੇ ਜ਼ਰੂਰੀ ਹਨ। ਬਿਨਾਂ ਕਿਸੇ ਛੁੱਟੀ ਦੀ ਮਨਜ਼ੂਰੀ ਤੋਂ ਲਗਾਤਾਰ ਦਸ ਦਿਨ ਗੈਰ ਹਾਜ਼ਰ ਰਹਿਣ ਤੇ ਵਿਦਿਆਰਥੀ ਦਾ ਨਾਮ ਕਾਲਜ ਰੋਲ ਤੋਂ ਕੱਟ ਦਿੱਤਾ ਜਾਵੇਗਾ। ਜੇਕਰ ਪ੍ਰਿੰਸੀਪਲ ਚਾਹੁਣ ਤਾਂ ਵਿਦਿਆਰਥੀ ਦੇ ਦੁਬਾਰਾ ਦਾਖ਼ਲੇ ਲਈ ਵਿਚਾਰ ਕੀਤਾ ਜਾ ਸਕਦਾ ਹੈ।

## ਛੁੱਟੀ ਦੇ ਨਿਯਮ

ਛੁੱਟੀ ਲੈਣ ਤੋਂ ਪਹਿਲਾਂ ਵਿਦਿਆਰਥੀ ਲਈ ਛੁੱਟੀ ਦੀ ਮਨਜ਼ੂਰੀ ਲੈਣੀ ਜ਼ਰੂਰੀ ਹੈ। ਮਜ਼ਬੂਰੀ ਜਾਂ ਸੰਕਟ ਕਾਰਨ, ਜਿਵੇਂ ਕਿ ਬਿਮਾਰੀ ਦੀ ਹਾਲਤ ਵਿੱਚ ਛੁੱਟੀ ਬਾਅਦ ਵਿੱਚ ਵੀ ਮਨਜ਼ੂਰ ਕਰਵਾਈ ਜਾ ਸਕਦੀ ਹੈ, ਜਿਸ ਲਈ ਡਾਕਟਰੀ ਪ੍ਰਮਾਣ ਪੱਤਰ ਲਗਾਉਣਾ ਜ਼ਰੂਰੀ ਹੈ। ਛੁੱਟੀ ਲੈਣ ਲਈ ਨਿਰਧਾਰਤ ਛੁੱਟੀ ਫਾਰਮ ਉੱਪਰ ਵਿਦਿਆਰਥੀ ਦੇ ਪਿਤਾ ਜਾਂ ਮਾਤਾ ਜਾਂ ਸਰਪ੍ਰਸਤ ਦੇ ਹਸਤਾਖ਼ਰ ਜ਼ਰੂਰੀ ਹਨ। ਤਿੰਨ ਦਿਨ ਤੱਕ ਦੀ ਛੁੱਟੀ ਸਬੰਧਤ ਪ੍ਰਾਅਧਿਆਪਕ ਦੁਆਰਾ ਮਨਜ਼ੂਰ ਕੀਤੀ ਜਾ ਸਕਦੀ ਹੈ, ਪਰੰਤੂ ਤਿੰਨ ਦਿਨ ਤੋਂ ਜ਼ਿਆਦਾ ਛੁੱਟੀ ਦੀ ਮਨਜ਼ੂਰੀ ਪ੍ਰਿੰਸੀਪਲ ਦੁਆਰਾ ਸਬੰਧਤ ਪ੍ਰਾਅਧਿਆਪਕ ਦੀ ਸਿਫ਼ਾਰਸ਼ 'ਤੇ ਹੀ ਦਿੱਤੀ ਜਾਵੇਗੀ। ਲੋੜੀਂਦੀ ਛੁੱਟੀ ਮਨਜ਼ੂਰ ਕਰਵਾਉਣ ਤੋਂ ਬਿਨਾਂ ਲਗਾਤਾਰ ਦਸ ਦਿਨ ਗੈਰ ਹਾਜ਼ਰ ਰਹਿਣ 'ਤੇ ਵਿਦਿਆਰਥੀ ਦਾ ਨਾਮ ਕਾਲਜ ਰੋਲ ਤੋਂ ਕੱਟ ਦਿੱਤਾ ਜਾਵੇਗਾ। ਘਰੇਲੂ ਪ੍ਰੀਖਿਆ ਦੇ ਦਿਨਾਂ ਵਿੱਚ ਛੁੱਟੀ ਦੀ ਮਨਜ਼ੂਰੀ ਸਿਰਫ਼ ਕਿਸੇ ਐਮਰਜੈਂਸੀ ਕਾਰਨ ਕਰਕੇ ਹੀ ਪ੍ਰਿੰਸੀਪਲ ਦੁਆਰਾ ਦਿੱਤੀ ਜਾਵੇਗੀ।

## ਜੁਰਮਾਨੇ ਸਬੰਧੀ ਨਿਯਮ

ਬੇਸ਼ੱਕ ਕਾਲਜ ਦਾ ਉਦੇਸ਼ ਵਿਦਿਆਰਥੀਆਂ ਨੂੰ ਜੁਰਮਾਨੇ ਲਗਾਉਣਾ ਨਹੀਂ ਹੈ, ਪਰੰਤੂ ਨਿਯਮਾਂ ਦੀ ਪਾਲਣਾ ਅਤੇ ਹਾਜ਼ਰੀ ਯਕੀਨੀ ਬਣਾਉਣ ਲਈ ਜੁਰਮਾਨੇ ਲਗਾਏ ਜਾਂਦੇ ਹਨ।

1. ਇੱਕ ਲੈਕਚਰ ਵਿੱਚ ਗੈਰ ਹਾਜ਼ਰੀ ਤੱਕ ਇੱਕ ਰੁਪਿਆ ਜੁਰਮਾਨਾ।
2. ਦੋ ਤੋਂ ਜ਼ਿਆਦਾ ਲੈਕਚਰ ਵਿੱਚੋਂ ਗੈਰ ਹਾਜ਼ਰੀ ਤੱਕ ਦੋ ਰੁਪਏ ਜੁਰਮਾਨਾ।
3. ਐਨ.ਸੀ.ਸੀ. ਪਰੇਡ ਤੋਂ ਗੈਰ ਹਾਜ਼ਰੀ ਇੱਕ ਰੁਪਿਆ ਜ਼ੁਰਮਾਨਾ।
4. ਟਿਟੋਰੀਅਲ ਗਰੁੱਪ ਤੋਂ ਗੈਰ ਹਾਜ਼ਰੀ ਪੰਜ ਰੁਪਏ ਜੁਰਮਾਨਾ।
5. ਕਾਲਜ ਦੇ ਵਿਸ਼ੇਸ਼ ਸਮਾਗਮਾਂ ਵਿੱਚੋਂ ਗੈਰ ਹਾਜ਼ਰ ਰਹਿਣ ਤੇ ਪੰਜਾਹ ਰੁਪਏ ਤੱਕ ਜੁਰਮਾਨਾ।

## ਕਾਲਜ ਘਰੇਲੂ ਪ੍ਰੀਖਿਆ

ਵਿਦਿਆਰਥੀਆਂ ਦੀ ਯੋਗਤਾ ਅਤੇ ਤਰੱਕੀ ਨੂੰ ਜਾਚਣ ਲਈ ਸਤੰਬਰ ਅਤੇ ਮਾਰਚ ਮਹੀਨੇ ਵਿੱਚ ਕਾਲਜ ਦੀ ਘਰੇਲੂ ਪ੍ਰੀਖਿਆ ਲਈ ਜਾਵੇਗੀ। ਜਿਸ ਅਨੁਸਾਰ ਵਿਦਿਆਰਥੀ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਸਮੈਸਟਰ ਪ੍ਰੀਖਿਆ ਵਾਸਤੇ ਦਾਖ਼ਲਾ ਯੋਗਤਾ ਨਿਰਧਾਰਤ ਹੋਵੇਗੀ। ਇਸ ਘਰੇਲੂ ਪ੍ਰੀਖਿਆ ਵਿੱਚ ਛੁੱਟੀ

ਦੀ ਮਨਜ਼ੂਰੀ ਨਹੀਂ ਦਿੱਤੀ ਜਾਵੇਗੀ, ਪਰ ਬਹੁਤ ਹੀ ਵਿਸ਼ੇਸ਼ ਸਥਿਤੀ ਜਾਂ ਬੀਮਾਰੀ ਦੀ ਹਾਲਤ ਵਿੱਚ ਕਾਲਜ ਪ੍ਰਿੰਸੀਪਲ ਚਾਹੁਣ ਤਾਂ ਜਾਂਚ ਕਰਨ ਉਪਰੰਤ ਛੁੱਟੀ ਦੀ ਮਨਜ਼ੂਰੀ ਦੇ ਸਕਦੇ ਹਨ। ਇਸ ਘਰੇਲੂ ਪ੍ਰੀਖਿਆ ਵਿੱਚ ਵਿਦਿਆਰਥੀ ਦੇ ਗੈਰ ਹਾਜ਼ਰ ਰਹਿਣ ਤੇ 100 ਰੁਪਏ ਪ੍ਰਤੀ ਪੇਪਰ ਤੱਕ ਜ਼ੁਰਮਾਨਾ ਲਗਾਇਆ ਜਾ ਸਕਦਾ ਹੈ। ਘਰੇਲੂ ਪ੍ਰੀਖਿਆ ਵਿੱਚ ਅਣ-ਉੱਚਿਤ ਸਾਧਨਾਂ ਦੀ ਵਰਤੋਂ ਕਰਦੇ ਸਮੇਂ ਫੜੇ ਜਾਣ ਤੇ ਵਿਦਿਆਰਥੀ ਨੂੰ ਭਾਰੀ ਜ਼ੁਰਮਾਨਾ ਵੀ ਲਗਾਇਆ ਜਾ ਸਕਦਾ ਹੈ ਜਾਂ ਕਾਲਜ ਵਿੱਚੋਂ ਕੱਢਿਆ ਵੀ ਜਾ ਸਕਦਾ ਹੈ ਅਤੇ ਉਸ ਦਾ ਯੂਨੀਵਰਸਿਟੀ ਦਾ ਸਮੈਸਟਰ ਲਈ ਦਾਖ਼ਲਾ ਵੀ ਰੋਕਿਆ ਜਾ ਸਕਦਾ ਹੈ।

## ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆ ਵਿੱਚ ਹਾਜ਼ਰ ਹੋਣ ਲਈ ਯੋਗਤਾ ਸ਼ਰਤਾਂ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਕਾਲਜਾਂ ਲਈ ਸਮੈਸਟਰ ਪ੍ਰਣਾਲੀ ਵਾਸਤੇ ਜਾਰੀ ਆਰਡੀਨੈਂਸ ਅਨੁਸਾਰ ਜੋ ਵਿਦਿਆਰਥੀ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦੇ ਹੋਣਗੇ, ਸਿਰਫ਼ ਉਹੀ ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆ ਵਿੱਚ ਹਾਜ਼ਰ ਹੋ ਸਕਣਗੇ—

1. ਵਿਦਿਆਰਥੀ ਜਿਸਨੇ ਸਮੈਸਟਰ ਪ੍ਰਣਾਲੀ ਲਈ ਕਾਲਜ ਵਿੱਚ ਰੈਗੂਲਰ ਦਾਖਲਾ ਲਿਆ ਹੋਵੇ।
2. ਵਿਦਿਆਰਥੀ ਜਿਸਨੇ,
   (ੳ) ਆਪਣੀ ਜਮਾਤ ਵਿੱਚ ਦਿੱਤੇ ਗਏ ਆਪਣੇ ਵਿਸ਼ਿਆਂ (ਥਿਊਰੀ ਅਤੇ ਪ੍ਰੈਕਟੀਕਲ ਦੋਹਾਂ ਵਾਸਤੇ) ਵਿੱਚ ਵਿੱਦਿਅਕ ਸਮੈਸਟਰ ਦੇ ਅੰਤ ਤੱਕ ਘੱਟੋ ਘੱਟ 75 ਫੀਸਦੀ ਲੈਕਚਰ ਲਗਾਏ ਹੋਣ।
   (ਅ) ਘਰੇਲੂ ਪ੍ਰੀਖਿਆ ਦੌਰਾਨ ਹਰ ਵਿਸ਼ੇ ਵਿੱਚੋਂ ਘੱਟੋ-ਘੱਟ 35 ਫੀਸਦੀ ਅੰਕ ਪ੍ਰਾਪਤ ਕੀਤੇ ਹੋਣ ਜਾਂ ਸਾਰੇ ਵਿਸ਼ਿਆਂ ਵਿੱਚੋਂ ਕੁਲ ਮਿਲਾ ਕੇ ਕੁੱਲ ਅੰਕਾਂ ਦੇ 25 ਫੀਸਦੀ ਅੰਕ ਪ੍ਰਾਪਤ ਕੀਤੇ ਹੋਣ ਜਾਂ ਵਿਸ਼ੇਸ਼ ਘਰੇਲੂ ਪ੍ਰੀਖਿਆ ਦੌਰਾਨ ਸਾਰੇ ਵਿਸ਼ਿਆਂ ਵਿੱਚੋਂ ਕੁੱਲ ਅੰਕਾਂ ਦੇ 30 ਫੀਸਦੀ ਅੰਕ ਪ੍ਰਾਪਤ ਕੀਤੇ ਹੋਣ ਅਤੇ
   (ੲ) ਵਿਦਿਆਰਥੀ ਦਾ ਨੈਤਿਕ ਆਚਰਣ ਚੰਗਾ ਹੋਵੇ।
   (ਸ) ਜੇਕਰ ਕਿਸੇ ਵਿਸ਼ੇ ਲਈ ਥਿਊਰੀ ਅਤੇ ਪ੍ਰੈਕਟੀਕਲ ਪ੍ਰੀਖਿਆ ਦੋਵੇਂ ਜ਼ਰੂਰੀ ਭਾਗ ਹੋਣ ਤਾਂ ਵਿਦਿਆਰਥੀ ਲਈ ਦੋਹਾਂ ਵਿੱਚ ਅਲੱਗ-ਅਲੱਗ ਤੌਰ 'ਤੇ ਪਾਸ ਹੋਣਾ ਜ਼ਰੂਰੀ ਹੈ। ਜੇਕਰ ਕੋਈ ਵਿਦਿਆਰਥੀ ਥਿਊਰੀ ਵਿੱਚ ਫ਼ੇਲ ਹੁੰਦਾ ਹੈ ਪਰੰਤੂ ਪ੍ਰੈਕਟੀਕਲ ਵਿੱਚ ਪਾਸ ਹੋਵੇ ਤਾਂ ਉਸ ਨੂੰ ਸਿਰਫ਼ ਥਿਊਰੀ ਪ੍ਰੀਖਿਆ ਹੀ ਪਾਸ ਕਰਨੀ ਹੋਵੇਗੀ (Vice-Versa)।

**ਨੋਟ—ਇਸਦੇ ਬਾਵਜੂਦ ਜੇਕਰ ਫਿਰ ਵੀ ਕੋਈ ਵਿਦਿਆਰਥੀ ਆਪਣੇ ਪ੍ਰਾਅਧਿਆਪਕ ਦੇ ਅਨੁਸਾਰ ਯੂਨੀਵਰਸਿਟੀ ਸਮੈਸਟਰ ਪ੍ਰੀਖਿਆ ਵਿੱਚ ਬੈਠਣ ਦੇ ਯੋਗ ਨਾ ਹੋਵੇ ਤਾਂ ਕਾਲਜ ਪ੍ਰਿੰਸੀਪਲ ਉਸ ਦਾ ਯੂਨੀਵਰਸਿਟੀ ਲਈ ਦਾਖਲਾ ਰੋਕ ਸਕਦੇ ਹਨ।**

## ਨੋਟਿਸ ਬੋਰਡ

ਵਿਦਿਆਰਥੀਆਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਦਿਨ ਵਿੱਚ ਘੱਟੋ-ਘੱਟ ਇੱਕ ਵਾਰ ਕਾਲਜ ਦਾ ਨੋਟਿਸ ਬੋਰਡ ਜ਼ਰੂਰੀ ਪੜ੍ਹ ਲੈਣ ਤਾਂ ਜੋ ਉਹ ਕਾਲਜ ਸਬੰਧੀ ਤਾਜ਼ਾ ਜਾਣਕਾਰੀ ਪ੍ਰਾਪਤ ਕਰ ਸਕਣ। ਕਾਲਜ ਨਿਯਮਾਂ ਜਾਂ ਹੁਕਮਾਂ ਦੀ ਪਾਲਣਾ ਨਾ ਕਰਨ ਲਈ ਇਹ ਬਹਾਨਾ ਨਹੀਂ ਮੰਨਿਆ ਜਾਵੇਗਾ ਕਿ ਉਹਨਾਂ ਨੇ ਨੋਟਿਸ ਨਹੀਂ ਪੜ੍ਹਿਆ।

## ਸਹਿ-ਸਿੱਖਿਆ ਕਿਰਿਆਵਾਂ (Extra-Curricular Activities)

ਸੰਸਥਾ ਵਿਦਿਆਰਥੀਆਂ ਦੇ ਮਾਨਸਿਕ ਅਤੇ ਨੈਤਿਕ ਵਿਕਾਸ ਲਈ ਕਈ ਮੌਕੇ ਪ੍ਰਦਾਨ ਕਰਦੀ ਹੈ। ਇਸ ਉਦੇਸ਼ ਲਈ ਕਾਲਜ ਵਿੱਚ ਹੇਠ ਲਿਖੇ ਕਲੱਬ ਅਤੇ ਸਭਾਵਾਂ ਬਣਾਈਆਂ ਹੋਈਆਂ ਹਨ। ਹਰ ਵਿਦਿਆਰਥੀ ਲਈ ਇਹਨਾਂ ਵਿੱਚੋਂ ਕਿਸੇ ਦੋ ਦਾ ਮੈਂਬਰ ਬਣਨਾ ਜ਼ਰੂਰੀ ਹੈ—

1. ਦਸ਼ਮੇਸ਼ ਪੰਜਾਬੀ ਸਾਹਿਤ ਸਭਾ
2. ਆਰਟਸ ਐਸੋਸੀਏਸ਼ਨ
3. ਯੁਵਕ ਭਲਾਈ ਕਲੱਬ
4. ਕੰਪਿਊਟਰ ਕਲੱਬ
5. ਬਿਜ਼ਨਿਸ ਅਤੇ ਪਲੈਨਿੰਗ ਫੋਰਮ
6. ਰੈੱਡ ਰਿਬਨ ਕਲੱਬ

ਇਹ ਸਭਾਵਾਂ ਵਿਦਿਆਰਥੀਆਂ ਨੂੰ ਭਾਸ਼ਣ ਪ੍ਰਤੀਯੋਗਿਤਾ, ਵਾਦ-ਵਿਵਾਦ, ਸੰਗੀਤ ਅਤੇ ਗਾਉਣ ਦੀ ਪ੍ਰਤੀਯੋਗਤਾ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਕੇ ਉਹਨਾਂ ਦੀ ਸ਼ਖਸੀਅਤ ਨੂੰ ਉਭਾਰਨ ਲਈ ਮੌਕੇ ਪ੍ਰਦਾਨ ਕਰਦੀਆਂ ਹਨ। ਇਹਨਾਂ ਸਰਗਰਮੀਆਂ ਦੇ ਨਾਲ-ਨਾਲ ਸੈਰ ਸਪਾਟਾ ਅਤੇ ਵਿਦਿਅਕ ਯਾਤਰਾ ਵੀ ਇੱਕ ਪ੍ਰਮੁੱਖ ਅੰਗ ਹਨ। ਅਧਿਆਪਕਾਂ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਦੇ ਸਹਿਯੋਗ ਨਾਲ ਇਸਦਾ ਪ੍ਰਬੰਧ ਕੀਤਾ ਜਾਂਦਾ ਹੈ।

## ਕੇਂਦਰੀ ਵਿਦਿਆਰਥੀ ਕੌਂਸਲ

ਕਾਲਜ ਦੀ ਕਾਰਜ ਪ੍ਰਣਾਲੀ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਵਿਦਿਆਰਥੀਆਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਵਾਸਤੇ ਇੱਕ ਕੇਂਦਰੀ ਵਿਦਿਆਰਥੀ ਕੌਂਸਲ ਬਣਾਈ ਜਾਂਦੀ ਹੈ। ਇਸ ਵਿੱਚ ਉਹਨਾਂ ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਜੋ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਸਭ ਤੋਂ ਵੱਧ ਅੰਕ ਪ੍ਰਾਪਤ ਕਰਦੇ ਹਨ ਜਾਂ ਐਨ.ਐਸ.ਐਸ., ਯੁਵਕ ਭਲਾਈ ਕਲੱਬ, ਕੰਪਿਊਟਰ ਕਲੱਬ ਜਾਂ ਬਿਜ਼ਨਿਸ ਅਤੇ ਪਲੈਨਿੰਗ ਫੋਰਮ ਦੇ ਮੈਂਬਰ ਹੁੰਦੇ ਹਨ। ਇਸ ਦੇ ਨਾਲ-ਨਾਲ ਵਧੀਆ ਖਿਡਾਰੀਆਂ ਦੇ ਪ੍ਰਤੀਨਿਧ ਵੀ ਸ਼ਾਮਲ ਕੀਤੇ ਜਾਂਦੇ ਹਨ। ਵਿਦਿਆਰਥੀ ਕੌਂਸਲ ਦੇ ਮੈਂਬਰਾਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਕਾਲਜ ਦੀ ਕਾਰਗੁਜ਼ਾਰੀ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਕਾਲਜ ਵਿੱਚ ਅਨੁਸ਼ਾਸਨ ਬਣਾਈ ਰੱਖਣ ਵਿੱਚ ਸਹਾਇਤਾ ਕਰਨਗੇ।

## ਐਨ.ਸੀ.ਸੀ.

ਕਾਲਜ ਵਿੱਚ ਐਨ.ਸੀ.ਸੀ. ਦੀ ਇੱਕ ਪਲੈਟੂਨ ਕੰਮ ਕਰ ਰਹੀ ਹੈ। ਜਿਸ ਵਿੱਚ ਕੇਵਲ ਸਿਹਤਮੰਦ ਵਿਦਿਆਰਥੀ ਹੀ ਸ਼ਾਮਲ ਹੋ ਸਕਦੇ ਹਨ। ਹਰ ਕੈਡਿਟ ਦਾ ਪਰੇਡ, ਲੈਕਚਰ ਅਤੇ ਸਲਾਨਾ ਸਿਖਲਾਈ ਕੈਂਪ ਵਿੱਚ ਹਿੱਸਾ ਲੈਣਾ ਜ਼ਰੂਰੀ ਹੈ। ਪਹਿਲੇ ਸਾਲ ਵਿਦਿਆਰਥੀ ਕੋਲੋਂ ਸਿਰਫ਼ ਦਸ ਰੁਪਏ ਐਨ.ਸੀ.ਸੀ. ਚੰਦਾ ਲਿਆ ਜਾਵੇਗਾ, ਜਦੋਂ ਕਿ ਕਾਲਜ ਦੇ ਪਿਛਲੇ ਵਿਦਿਆਰਥੀ ਕੇਵਲ ਦੋ ਰੁਪਏ ਐਨ.ਸੀ.ਸੀ. ਚੰਦਾ ਹੀ ਅਦਾ ਕਰਨਗੇ। ਐਨ.ਸੀ.ਸੀ. ਕੈਡਿਟ ਉੱਚ ਚਰਿੱਤਰ, ਅਨੁਸ਼ਾਸਨ, ਸੇਵਾ, ਸੁਰੱਖਿਆ ਅਤੇ ਸਹਿਯੋਗ ਦੀ ਭਾਵਨਾ ਨਾਲ ਰਹਿਣਾ ਸਿਖਦੇ ਹਨ।

## ਐਨ.ਐਸ.ਐਸ.

ਕਾਲਜ ਵਿੱਚ ਐਨ.ਐਸ.ਐਸ. ਦੇ ਲੜਕੇ ਅਤੇ ਲੜਕੀਆਂ ਲਈ ਅਲੱਗ-ਅਲੱਗ ਦੋ ਯੂਨਿਟ ਹਨ। ਹਰ ਜਮਾਤ ਦਾ ਵਿਦਿਆਰਥੀ ਇਸ ਦਾ ਮੈਂਬਰ ਬਣ ਸਕਦਾ ਹੈ। ਮੈਂਬਰ ਵਿਦਿਆਰਥੀਆਂ ਨੂੰ ਲੋਕ ਭਲਾਈ ਦੀ ਭਾਵਨਾ ਨਾਲ ਸਮਾਜਿਕ ਬੁਰਾਈਆਂ ਦੂਰ ਕਰਨ ਲਈ ਬਾਲਗ ਸਿੱਖਿਆ ਦੇਣ, ਰੁੱਖ ਲਗਾਉਣ, ਸਿਹਤ ਸਿੱਖਿਆ ਅਤੇ ਸਫ਼ਾਈ ਆਦਿ ਕਰਨ ਬਾਰੇ ਜਾਣਕਾਰੀ ਦੇਣ ਲਈ ਕੈਂਪ ਲਗਾਉਣੇ ਪੈਂਦੇ ਹਨ।

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਇੱਕ ਗੈਰ ਰਾਜਨੀਤਕ ਧਾਰਮਿਕ ਸੰਸਥਾ ਹੈ, ਜੋ ਵਿਦਿਆਰਥੀਆਂ ਨੂੰ ਧਰਮ, ਵਿਸ਼ੇਸ਼ ਕਰਕੇ ਸਿੱਖ ਧਰਮ ਅਤੇ ਇਸ ਦੇ ਗੌਰਵਮਈ ਇਤਿਹਾਸ ਨਾਲ ਜਾਣੂੰ ਕਰਵਾਉਂਦੀ ਹੈ। ਕੋਈ ਵੀ ਵਿਦਿਆਰਥੀ, ਜੋ ਧਰਮ ਪ੍ਰਤੀ ਝੁਕਾਅ ਰੱਖਦਾ ਹੋਵੇ ਅਤੇ ਆਪਣੇ ਮਹਾਨ ਵਿਰਸੇ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਸ਼ੌਂਕ ਰੱਖਦਾ ਹੋਵੇ, ਇਸ ਦਾ ਮੈਂਬਰ ਬਣ ਸਕਦਾ ਹੈ। ਇਹ ਸੰਸਥਾ ਹਰ ਸਾਲ ਧਾਰਮਿਕ ਪ੍ਰੀਖਿਆ ਦਾ ਵੀ ਆਯੋਜਨ ਕਰਦੀ ਹੈ। ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਸੰਸਥਾਂ ਵੱਲੋਂ ਨਕਦ ਇਨਾਮ, ਯਾਦ ਚਿੰਨ੍ਹ ਅਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

## ਕਾਲਜ ਪੱਤ੍ਰਿਕਾ 'ਚਾਤ੍ਰਿਕ'

ਵਿਦਿਆਰਥੀਆਂ ਦੀ ਪ੍ਰਤਿਭਾ ਅਤੇ ਸਖਸ਼ੀਅਤ ਦਾ ਵਿਕਾਸ ਕਰਨ ਲਈ ਤੇ ਉਹਨਾਂ ਦੇ ਵਿਚਾਰਾਂ ਦਾ ਪ੍ਰਗਟਾਵਾ ਕਰਨ ਵਾਸਤੇ ਹਰ ਸਾਲ ਕਾਲਜ ਵੱਲੋਂ 'ਚਾਤ੍ਰਿਕ' ਨਾਮੀ ਪੱਤ੍ਰਿਕਾ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਜਿਸ ਦਾ ਪ੍ਰਕਾਸ਼ਨ ਸੰਪਾਦਕੀ ਬੋਰਡ ਦੁਆਰਾ ਕੀਤਾ ਜਾਂਦਾ ਹੈ। ਇਸ ਦੇ ਪੰਜ ਸੈਕਸ਼ਨ ਹੁੰਦੇ ਹਨ :-

1. ਪੰਜਾਬੀ ਸੈਕਸ਼ਨ
2. ਅੰਗਰੇਜ਼ੀ ਸੈਕਸ਼ਨ
3. ਬਿਜ਼ਨੈਸ ਅਤੇ ਪਲਾਨਿੰਗ ਸੈਕਸ਼ਨ
4. ਕੰਪਿਊਟਰ ਸੈਕਸ਼ਨ
5. ਕਾਲਜੀਏਟ ਸਕੂਲ ਸੈਕਸ਼ਨ

## ਖੇਡਾਂ

ਇਸ ਕਾਲਜ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਖੇਡਾਂ ਦੇ ਖੇਤਰ ਵਿੱਚ ਇਕ ਵਿਸ਼ੇਸ਼ ਸਥਾਨ ਹੈ। ਕਾਲਜ ਨੇ ਬਹੁਤ ਸਾਰੇ ਨਾਮੀਂ ਐਥਲੀਟ ਅਤੇ ਖਿਡਾਰੀ ਪੈਦਾ ਕੀਤੇ ਹਨ। ਕਾਲਜ ਦੀ ਕਬੱਡੀ ਟੀਮ (ਪੰਜਾਬ ਸਟਾਇਲ / ਨੈਸ਼ਨਲ ਸਟਾਇਲ) ਪਿਛਲੇ ਕਈ ਸਾਲਾਂ ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਅੰਤਰ ਕਾਲਜ 'ਬੀ' ਡਵੀਜ਼ਨ ਮੁਕਾਬਲਿਆਂ ਵਿੱਚ ਦੂਸਰੇ ਜਾਂ ਤੀਸਰੇ ਸਥਾਨ ਤੇ ਆਉਂਦੀ ਰਹੀ ਹੈ। ਪਿਛਲੇ ਅਕਾਦਮਿਕ ਸਾਲ (2022-23) ਦੌਰਾਨ ਕਾਲਜ ਦੇ ਲੜਕਿਆਂ ਦੀ ਕ੍ਰਿਕਟ ਟੀਮ ਨੇ ਅੰਤਰ ਕਾਲਜ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਨਾਂ ਰੌਸ਼ਨ ਕੀਤਾ ਹੈ ਅਤੇ ਲੜਕੀਆਂ ਦੀ ਟੀਮ ਨੇ ਸਿਲਵਰ ਮੈਡਲ ਜਿੱਤਿਆ। ਕਾਲਜ ਵੱਲੋਂ ਵਿਦਿਆਰਥੀਆਂ ਲਈ ਕਬੱਡੀ ਦੇ ਨਾਲ-ਨਾਲ ਕ੍ਰਿਕਟ, ਬਾਲ ਬੈਡਮਿੰਟਨ, ਵਾਲੀਬਾਲ, ਐਥਲੈਟਿਕਸ ਅਤੇ ਸ਼ਤਰੰਜ ਆਦਿ ਖੇਡਾਂ ਲਈ ਵੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਯੋਗ ਖਿਡਾਰੀਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ।

## ਯੂ.ਜੀ.ਸੀ. ਸਪਾਂਸਰਡ ਕੈਰੀਅਰ ਅਤੇ ਕਾਂਉਸਲਿੰਗ ਸੈੱਲ

ਵਿਦਿਆਰਥੀਆਂ ਨੂੰ ਉਹਨਾਂ ਦੀ ਦਿਲਚਸਪੀ ਅਤੇ ਯੋਗਤਾ ਅਨੁਸਾਰ ਰੋਜ਼ਗਾਰ ਅਤੇ ਕਿੱਤੇ ਸਬੰਧੀ ਜਾਣਕਾਰੀ ਦੇਣ ਲਈ ਕਾਲਜ ਕੈਂਪਸ ਵਿੱਚ ਯੂ.ਜੀ.ਸੀ. ਦੀ ਸਹਾਇਤਾ ਨਾਲ ਕੈਰੀਅਰ ਅਤੇ ਕਾਊਂਸਲਿੰਗ ਸੈੱਲ ਕੰਮ ਕਰ ਰਿਹਾ ਹੈ, ਜੋ ਕਿ ਵਿਦਿਆਰਥੀਆਂ ਨੂੰ ਰੋਜ਼ਗਾਰ ਦੇ ਮੌਕਿਆਂ, ਆਮ ਅਤੇ ਪ੍ਰੋਫੈਸ਼ਨਲ ਉੱਚ ਸਿੱਖਿਆ, ਫੈਲੋਸ਼ਿਪਾਂ, ਸਿਵਲ ਪ੍ਰੀਖਿਆ ਮੁਕਾਬਲਿਆਂ, ਟ੍ਰੇਨਿੰਗਾਂ ਆਦਿ ਬਾਰੇ ਜਾਣਕਾਰੀ ਦਿੰਦਾ ਹੈ। ਇਸਦੀ ਜਾਣਕਾਰੀ ਦੇਣ ਲਈ ਸਮੇਂ ਸਮੇਂ ਤੇ ਵਿਸ਼ੇਸ਼ ਲੈਕਚਰਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ। ਵਿਦਿਆਰਥੀਆਂ ਲਈ ਉਪਲਬੱਧ ਰੋਜ਼ਗਾਰ ਦੇ ਮੌਕਿਆਂ ਦੀ ਜਾਣਕਾਰੀ ਸਮੇਂ-ਸਮੇਂ ਤੇ ਨੋਟਿਸ ਬੋਰਡ ਉੱਪਰ ਦਿੱਤੀ ਜਾਂਦੀ ਹੈ ਅਤੇ ਅਪਲਾਈ ਕਰਨ ਲਈ ਬਿਨੈ ਪੱਤਰ ਵੀ ਉਪਲਬੱਧ ਕਰਵਾਏ ਜਾਂਦੇ ਹਨ।

## ਲਾਇਬ੍ਰੇਰੀ ਸਬੰਧੀ ਨਿਯਮ

ਲਾਇਬ੍ਰੇਰੀ ਕਿਸੇ ਵੀ ਸੰਸਥਾ ਦਾ ਦਿਲ ਹੁੰਦੀ ਹੈ। ਕਾਲਜ ਦੀ ਲਾਇਬ੍ਰੇਰੀ ਵਿੱਚ ਤਕਰੀਬਨ 10,000 ਕਿਤਾਬਾਂ ਦਾ ਸੰਗ੍ਰਹਿ ਹੈ। ਇਸ ਤੋਂ ਇਲਾਵਾ ਬਹੁਤ ਸਾਰੀਆਂ ਰੋਜ਼ਾਨਾ, ਹਫਤਾਵਾਰੀ, ਪੰਦਰਵਾੜੀ ਅਤੇ ਮਾਸਿਕ ਪੱਤ੍ਰਿਕਾਵਾਂ ਦਾ ਵਿਦਿਆਰਥੀਆਂ ਅਤੇ ਪ੍ਰਾ-ਅਧਿਆਪਕਾਂ ਲਈ ਪ੍ਰਬੰਧ ਵੀ ਕੀਤਾ ਜਾਂਦਾ ਹੈ। ਕਾਲਜ ਲਾਇਬ੍ਰੇਰੀ ਵਿੱਚ ਸਿਲੇਬਸ ਨਾਲ ਸਬੰਧਤ ਕਿਤਾਬਾਂ ਤੋਂ ਇਲਾਵਾ ਸਿਵਲ ਪ੍ਰੀਖਿਆ, ਬੈਂਕਿੰਗ ਅਤੇ ਹੋਰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਨਾਲ-ਨਾਲ ਵਿਦਿਆਰਥੀਆਂ ਦੇ ਮਾਨਸਿਕ ਵਿਕਾਸ ਨਾਲ ਸਬੰਧਿਤ ਕਿਤਾਬਾਂ ਦਾ ਵੀ ਪ੍ਰਬੰਧ ਹੈ। ਵਿਦਿਆਰਥੀ ਇਨ੍ਹਾਂ ਕਿਤਾਬਾਂ ਦੀ ਆਨ-ਲਾਈਨ ਜਾਣਕਾਰੀ ਕਾਲਜ ਕੈਂਪਸ ਦੇ ਅੰਦਰ ਕੋਹਾ ਸਾਫਟਵੇਅਰ ਦੀ ਮਦਦ

ਨਾਲ ਕਿਸੇ ਵੀ ਸਮੇਂ ਪ੍ਰਾਪਤ ਕਰ ਸਕਦੇ ਹਨ। ਵਿਦਿਆਰਥੀ ਆਪਣਾ ਪਹਿਚਾਣ ਪੱਤਰ ਦਿਖਾ ਕੇ ਚੌਦਾਂ ਦਿਨ ਵਾਸਤੇ ਦੋ ਕਿਤਾਬਾਂ ਜਾਰੀ ਕਰਵਾ ਸਕਦਾ ਹੈ। ਨਿਰਧਾਰਿਤ ਸਮੇਂ ਦੇ ਅੰਦਰ ਕਿਤਾਬਾਂ ਵਾਪਸ ਨਾ ਮੋੜਨ ਵਾਲੇ ਵਿਦਿਆਰਥੀ ਕੋਲੋਂ ਇੱਕ ਰੁਪਿਆ ਪ੍ਰਤੀ ਕਿਤਾਬ ਰੋਜ਼ਾਨਾ ਦੇ ਹਿਸਾਬ ਨਾਲ ਜ਼ੁਰਮਾਨਾ ਲਿਆ ਜਾਵੇਗਾ। ਜੇਕਰ ਵਾਪਸ ਮੋੜੀ ਗਈ ਕਿਤਾਬ ਕਿਸੇ ਹੋਰ ਵਿਦਿਆਰਥੀ ਨੂੰ ਲੋੜੀਂਦੀ ਨਾ ਹੋਵੇ ਤਾਂ ਉਹ ਕਿਤਾਬ ਵਿਦਿਆਰਥੀ ਅਗਲੇ ਹੋਰ ਚੌਦਾਂ ਦਿਨ ਵਾਸਤੇ ਵੀ ਜਾਰੀ ਕਰਵਾ ਸਕਦਾ ਹੈ। ਵਿਦਿਆਰਥੀ ਨੂੰ ਆਪਣਾ ਪਹਿਚਾਣ ਪੱਤਰ ਸੰਭਾਲ ਕੇ ਰੱਖਣਾ ਹੋਵੇਗਾ। ਪਹਿਚਾਣ ਪੱਤਰ ਗੁੰਮ ਹੋਣ ਦੀ ਸੂਰਤ ਵਿੱਚ 100 ਰੁਪਿਆ ਭੁਗਤਾਨ ਕਰਕੇ ਨਵਾਂ ਪਹਿਚਾਣ ਪੱਤਰ ਜਾਰੀ ਕਰਵਾਇਆ ਜਾ ਸਕਦਾ ਹੈ। ਜੇਕਰ ਕੋਈ ਵਿਦਿਆਰਥੀ ਲਾਇਬ੍ਰੇਰੀ ਦੀ ਕਿਤਾਬ ਗੁੰਮ ਕਰੇਗਾ ਜਾਂ ਖਰਾਬ ਕਰੇਗਾ ਜਾਂ ਕੋਈ ਨਿਸ਼ਾਨ ਲਗਾਵੇਗਾ ਤਾਂ ਉਸ ਨੂੰ ਕਿਤਾਬ ਦਾ ਨਵਾਂ ਬਦਲ ਜਾਂ ਉਸਦੀ ਬਰਾਬਰ ਕੀਮਤ ਅਦਾ ਕਰਨੀ ਪਵੇਗੀ। ਪਰੰਤੂ ਹੇਠ ਲਿਖੀਆਂ ਕਿਤਾਬਾਂ ਵਿਦਿਆਰਥੀ ਲਾਇਬ੍ਰੇਰੀ ਵਿੱਚੋਂ ਜਾਰੀ ਨਹੀਂ ਕਰਵਾ ਸਕਣਗੇ—

1. ਹਵਾਲਾ ਪੁਸਤਕਾਂ  2. ਰਸਾਲਿਆਂ ਦੇ ਤਾਜ਼ਾ ਅੰਕ  3. ਦੁਰਲੱਭ ਤੇ ਵਿਸ਼ੇਸ਼ ਰਾਖਵੀਆਂ ਪੁਸਤਕਾਂ

ਵਿਦਿਆਰਥੀ ਇਹਨਾਂ ਪੁਸਤਕਾਂ ਨੂੰ ਲਾਇਬ੍ਰੇਰੀ ਦੇ ਅੰਦਰ ਬੈਠ ਕੇ ਹੀ ਪੜ੍ਹ ਸਕਦੇ ਹਨ। ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿੱਚ ਅਨੁਸ਼ਾਸਨ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ ਅਤੇ ਚੁੱਪ-ਚਾਪ ਬੈਠ ਕੇ ਪੜ੍ਹਨਾ ਹੋਵੇਗਾ। ਜ਼ਰੂਰਤਮੰਦ ਵਿਦਿਆਰਥੀ ਲਈ ਇਕ ਬੁੱਕ ਬੈਂਕ ਵੀ ਬਣਾਇਆ ਗਿਆ ਹੈ। ਜਿੱਥੋਂ ਵਿਦਿਆਰਥੀ ਨਿਰਧਾਰਿਤ ਜ਼ਮਾਨਤ ਦੀ ਰਾਸ਼ੀ ਜਮ੍ਹਾਂ ਕਰਵਾ ਕੇ ਪੂਰੇ ਸਮੈਸਟਰ ਲਈ ਵੀ ਕਿਤਾਬਾਂ ਜਾਰੀ ਕਰਵਾ ਸਕਦੇ ਹਨ। ਮਹਿੰਗੀਆਂ ਕਿਤਾਬਾਂ ਲਈ ਵਿਸ਼ੇਸ਼ ਜ਼ਮਾਨਤ ਰਾਸ਼ੀ ਲਈ ਜਾਵੇਗੀ।

## ਕਾਲਜ ਦੇ ਅਧਿਕਾਰ ਖੇਤਰ ਅਤੇ ਆਚਰਣ ਸਬੰਧੀ ਨਿਯਮ

ਕਾਲਜ ਦੇ ਅਧਿਕਾਰ ਖੇਤਰ ਦੇ ਅੰਦਰ ਹਰੇਕ ਵਿਦਿਆਰਥੀ ਕੋਲੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਕਾਲਜ ਦੇ ਨਿਯਮਾਂ ਦਾ ਅਨੁਸ਼ਾਸਨ ਵਿੱਚ ਰਹਿ ਕੇ ਪਾਲਣ ਕਰਦਾ ਰਹੇਗਾ। ਅਜਿਹਾ ਕਰਨ ਲਈ ਕੁਝ ਨਿਯਮ ਬਣਾਏ ਗਏ ਹਨ, ਜਿਨ੍ਹਾਂ ਦੀ ਵਿਦਿਆਰਥੀਆਂ ਕੋਲੋਂ ਸਖ਼ਤੀ ਨਾਲ ਪਾਲਣਾ ਲਈ ਉਮੀਦ ਕੀਤੀ ਜਾਂਦੀ ਹੈ—

1. ਕਲਾਸ ਰੂਮ ਦੇ ਅੰਦਰ ਜਾਂ ਬਾਹਰ ਵਿਦਿਆਰਥੀਆਂ ਨੂੰ ਅਨੁਸ਼ਾਸਨ ਅਤੇ ਸਿਸ਼ਟਾਚਾਰ ਦਾ ਪਾਲਣ ਕਰਨਾ ਹੋਵੇਗਾ ਅਤੇ ਸਮੇਂ ਸਿਰ ਰੋਜ਼ਾਨਾ ਆਪਣੀ ਕਲਾਸ ਜਾਂ ਹੋਣ ਵਾਲੇ ਸਮਾਗਮਾਂ ਵਿੱਚ ਹਾਜ਼ਰ ਹੋਣਾ ਹੋਵੇਗਾ।
2. ਵਿਦਿਆਰਥੀਆਂ ਨੂੰ ਇੱਕ ਦੂਸਰੇ ਨਾਲ ਨਿਮਰਤਾ ਸਹਿਤ ਵਿਵਹਾਰ ਕਰਨਾ ਚਾਹੀਦਾ ਹੈ ਅਤੇ ਆਪਸ ਵਿੱਚ ਗੱਲਬਾਤ ਕਰਦੇ ਸਮੇਂ ਸੱਭਿਅਕ ਭਾਸ਼ਾ ਪ੍ਰਯੋਗ ਕਰਨੀ ਚਾਹੀਦੀ ਹੈ।
3. ਵਿਦਿਆਰਥੀ ਕਲਾਸ ਰੂਮ, ਕੰਪਿਊਟਰ ਲੈਬ ਅਤੇ ਲਾਇਬ੍ਰੇਰੀ ਵਿੱਚ ਇਸ ਪ੍ਰਕਾਰ ਬੈਠਣ ਕਿ ਕਿਸੇ ਵੀ ਹੋਰ ਵਿਦਿਆਰਥੀ ਦੀ ਪੜ੍ਹਾਈ ਵਿੱਚ ਵਿਘਨ ਨਾ ਪਵੇ। ਵਿਦਿਆਰਥੀਆਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਬਿਨਾਂ ਕਿਸੇ ਕਾਰਨ ਵਰਾਂਡਿਆਂ ਜਾਂ ਰਸਤਿਆਂ ਵਿੱਚ ਨਹੀਂ ਘੁੰਮਣਗੇ।
4. **ਵਿਦਿਆਰਥੀਆਂ ਲਈ ਕਾਲਜ ਕੈਂਪਸ ਵਿੱਚ ਮੋਬਾਇਲ ਫੋਨ ਰੱਖਣ ਜਾਂ ਪ੍ਰਯੋਗ ਕਰਨ ਦੀ ਸਖ਼ਤ ਮਨਾਹੀ ਹੈ।**
5. ਇਕ ਕਲਾਸ ਤੋਂ ਦੂਜੀ ਕਲਾਸ ਵਿੱਚ ਜਾਣ ਲੱਗਿਆਂ ਵਿਦਿਆਰਥੀਆਂ ਨੂੰ ਅਨੁਸ਼ਾਸਨ ਦਾ ਪਾਲਣ ਕਰਨਾ ਚਾਹੀਦਾ ਹੈ। ਕਲਾਸ ਰੂਮ ਦੇ ਅੰਦਰ ਜਾਣ ਵਾਲੇ ਵਿਦਿਆਰਥੀਆਂ ਨੂੰ ਕਲਾਸ ਰੂਮ ਦੇ ਪੂਰੀ ਤਰ੍ਹਾਂ ਖਾਲੀ ਹੋਣ ਤੱਕ ਬਾਹਰ ਇੰਤਜ਼ਾਰ ਕਰਨਾ ਹੋਵੇਗਾ।
6. ਕਾਲਜ ਕੈਂਪਸ ਵਿੱਚ ਆਉਂਦੇ ਸਮੇਂ ਹਰ ਵਿਦਿਆਰਥੀ ਕੋਲ ਆਪਣਾ ਸ਼ਨਾਖਤੀ ਕਾਰਡ ਹੋਣਾ ਜ਼ਰੂਰੀ ਹੈ। ਬਿਨਾਂ ਸ਼ਨਾਖਤੀ ਕਾਰਡ ਕਾਲਜ ਕੈਂਪਸ ਵਿੱਚ ਆਉਣ ਦੀ ਸਖ਼ਤ ਮਨਾਹੀ ਹੈ। ਬਿਨਾਂ ਸ਼ਨਾਖ਼ਤੀ ਕਾਰਡ ਆਉਣ ਵਾਲੇ ਵਿਦਿਆਰਥੀ ਖਿਲਾਫ਼ ਸਖਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਸ਼ਨਾਖ਼ਤੀ ਕਾਰਡ ਗੁੰਮ ਹੋਣ ਦੀ ਸੂਰਤ ਵਿੱਚ 100 ਰੁਪਏ ਦਾ ਭੁਗਤਾਨ ਕਰਕੇ ਕਾਲਜ ਲਾਇਬ੍ਰੇਰੀ ਵਿਚੋਂ ਨਵਾਂ ਸ਼ਨਾਖ਼ਤੀ ਕਾਰਡ ਜਾਰੀ ਕਰਵਾਇਆ ਜਾ ਸਕਦਾ ਹੈ।
7. **ਕਾਲਜ ਕੈਂਪਸ ਵਿੱਚ ਕਿਸੇ ਵੀ ਪ੍ਰਕਾਰ ਦੇ ਨਸ਼ੇ ਅਤੇ ਸਿਗਰਟਨੋਸ਼ੀ ਦੀ ਸਖਤ ਮਨਾਹੀ ਹੈ। ਇਸ ਦਾ ਪ੍ਰਯੋਗ ਕਰਨ ਤੇ ਫੜੇ ਗਏ ਵਿਦਿਆਰਥੀ ਖਿਲਾਫ਼ ਸਖ਼ਤ ਅਨੁਸ਼ਾਸਿਕ ਕਾਰਵਾਈ ਕੀਤੀ ਜਾਵੇਗੀ।**
8. ਵਿਦਿਆਰਥੀ ਕਾਲਜ ਦੀ ਕਿਸੇ ਵੀ ਪ੍ਰਕਾਰ ਦੀ ਸੰਪਤੀ ਨੂੰ ਨੁਕਸਾਨ ਨਹੀਂ ਪਹੁੰਚਾਣਗੇ। ਨੁਕਸਾਨ ਪਹੁੰਚਾਣ ਵਾਲੇ ਵਿਦਿਆਰਥੀ ਕੋਲੋਂ ਨੁਕਸਾਨੀ ਗਈ ਵਸਤੂ ਦੀ ਪੂਰੀ ਕੀਮਤ ਵਸੂਲੀ ਜਾਵੇਗੀ ਅਤੇ ਜ਼ੁਰਮਾਨਾ ਵੀ ਲਿਆ ਜਾਵੇਗਾ।
9. ਵਿਦਿਆਰਥੀ ਕਾਲਜ ਕੈਂਪਸ, ਪਾਰਕ ਅਤੇ ਖੇਡ ਮੈਦਾਨ ਦੀ ਸਾਫ਼ ਸਫ਼ਾਈ ਤੇ ਖੂਬਸੂਰਤੀ ਕਾਇਮ ਰੱਖਣ।
10. ਵਿਦਿਆਰਥੀ ਸਰਗਰਮ ਰਾਜਨੀਤੀ ਤੋਂ ਪਰ੍ਹੇ ਰਹਿਣ ਅਤੇ ਕੇਵਲ ਆਪਣੀ ਪੜ੍ਹਾਈ ਵੱਲ ਹੀ ਧਿਆਨ ਦੇਣ।
11. ਵਿਦਿਆਰਥੀ ਕਾਲਜ ਦਾ ਨੋਟਿਸ ਬੋਰਡ ਰੋਜ਼ਾਨਾ ਜ਼ਰੂਰ ਪੜ੍ਹਨ, ਕਿਉਂਕਿ ਦਫ਼ਤਰ ਵੱਲੋਂ ਸਾਰੀਆਂ ਜ਼ਰੂਰੀ ਹਦਾਇਤਾਂ ਨੋਟਿਸ ਬੋਰਡ ਉੱਪਰ ਹੀ ਲਗਾਈਆਂ ਜਾਂਦੀਆਂ ਹਨ।
12. ਵਿਦਿਆਰਥੀ ਇਹ ਗੱਲ ਹਮੇਸ਼ਾ ਯਾਦ ਰੱਖਣ ਕਿ ਇਹ ਇੱਕ ਸਹਿ-ਸਿੱਖਿਆ ਕਾਲਜ ਹੈ, ਇਸ ਕਰਕੇ ਉਹ ਆਪਸ ਵਿੱਚ ਉੱਚਿਤ ਅਤੇ ਸੱਭਿਅਕ ਵਿਵਹਾਰ ਕਰਨ।
13. **ਵਿਦਿਆਰਥੀ ਸਾਧਾਰਨ ਕਿਸਮ ਦਾ ਪਹਿਰਾਵਾ ਹੀ ਪਹਿਨ ਕੇ ਕਾਲਜ ਆਉਣ।**
14. ਸੂਚਨਾ ਅਧਿਕਾਰ ਕਾਨੂੰਨ 2005 ਅਧੀਨ ਵਿਦਿਆਰਥੀ ਲੋੜੀਂਦੀ ਸੂਚਨਾ ਪ੍ਰਾਪਤ ਕਰ ਸਕਦੇ ਹਨ ਜਿਸਦੀ ਜਾਣਕਾਰੀ ਕਾਲਜ ਵੈਬਸਾਈਟ ਉੱਪਰ ਵੀ ਉਪਲਬੱਧ ਹੈ।

## Withdrawal of Student

A student wishing to leave the college on his/her own should submit an application duly countersigned by his/her father/mother/guardian. He/She shall also have to obtain no dues certificate from the college office and library. No discharge certificate shall be issued unless all necessary dues have been cleared upto the date of withdrawal.

# Fee Structure for the Session 2023-24

(Without GNDU Exam. Fee, Fines and Bus Charges)

| | B.C.A. Part-I | B.C.A. Part II & III | B.Com. Part-I | BA/B.Sc./ Part-I | B.Com. Part- II & III | BA/B.Sc./ Part-II & III | MA Part-I | MA Part-II | PGDCA |
|---|---|---|---|---|---|---|---|---|---|
| **(A) Annual Charges** | | | | | | | | | |
| Admission/Re-admission Fee* | 15 | 15 | 15 | 15 | 15 | 15 | 15 | 15 | 15 |
| Tuition Fee | 300 | 300 | 300 | 300 | 300 | 300 | 360 | 360 | 360 |
| Amalgamated Fund | 1400 | 2100 | 1400 | 1400 | 2100 | 2100 | 3200 | 3200 | 3200 |
| Development Charges | 4000 | 4200 | 4000 | 4200 | 4200 | 4200 | 5000 | 6000 | 4800 |
| Electricity/Generator Charges | 4200 | 4200 | 4200 | 4200 | 4200 | 4200 | 4200 | 4200 | 4200 |
| Computer Fee | 8500 | 9100 | — | 4500 | — | 5100 | — | — | 9000 |
| Practical Fee* | — | — | — | 3600 | — | 4300 | — | — | — |
| Uncovered Staff Fund/Self Finance Charges | — | — | 6100 | — | 6200 | — | 6000 | 7000 | — |
| **(A) Total with Commerce/Computer** | **18415** | **19915** | **16015** | **14615** | **17015** | **15915** | **18775** | **20775** | **21575** |
| (A) Total with Phy. Edu. | — | — | — | 13715 | — | 15115 | — | — | — |
| (A) Total without Computer & Phy. Edu. | — | — | — | 10115 | — | 10815 | — | — | — |
| **(B) Other Annual Charges** | | | | | | | | | |
| Identity-cum-Library Card | 100 | 100 | 100 | 100 | 100 | 100 | 100 | 100 | 100 |
| Magazine Charges | 250 | 250 | 250 | 250 | 250 | 250 | 250 | 250 | 250 |
| House Examination Fee | 1000 | 1000 | 1000 | 1000 | 1000 | 1000 | 1000 | 1000 | 1000 |
| Medical Fee | 300 | 300 | 300 | 300 | 300 | 300 | 300 | 300 | 300 |
| Student Aid Fund | 350 | 350 | 350 | 350 | 350 | 350 | 400 | 400 | 350 |
| EVS Fee (only from III or IV Sem. Students) | — | 360 | — | — | 360 | 500 | — | — | — |
| Dilapidation Fee | 700 | 700 | 700 | 700 | 700 | 700 | 700 | 700 | 700 |
| Building & Furniture Fund | 1000 | 1000 | 1000 | 1000 | 1000 | 1000 | 1000 | 1000 | 1000 |
| Functions/Celebration Fee | 800 | 800 | 800 | 800 | 800 | 800 | 800 | 800 | 800 |
| Correspondence Charges | 100 | 100 | 100 | 100 | 100 | 100 | 100 | 100 | 100 |
| College Sports Dev. Fee | 200 | 200 | 200 | 200 | 200 | 200 | 200 | 200 | 200 |
| Library Dev. Fee | 200 | 200 | 200 | 200 | 200 | 200 | 500 | 500 | 200 |
| **Total (B)** | **5000** | **5360** | **5000** | **5000** | **5360** | **5500** | **5350** | **5350** | **5000** |
| M. Cycle/Scooter/Cycle Fee* | 1000 | 1000 | 1000 | 1000 | 1000 | 1000 | 1000 | 1000 | 1000 |
| Library Security (Refundable)* | 1000 | — | 1000 | 1000 | — | — | 1000 | — | 1000 |
| **Total (C)** | **1000** | **—** | **1000** | **1000** | **—** | — | **1000** | — | — |
| **(D) University Dues (Annual)** | | | | | | | | | |
| Registration Fee* | 400 | — | 400 | 400 | — | — | 400 | — | 400 |
| Enrolment Fee | 300 | — | 300 | 300 | — | — | 300* | — | 300* |
| Continuation Fee | — | 400 | — | — | 400 | 400 | 400 | 400 | 400 |
| Uni. Sports Dev. Fee | 1180 | 1180 | 1180 | 1180 | 1180 | 1180 | 1180 | 1180 | 1180 |
| Youth Welfare Fee | 200 | 200 | 200 | 200 | 200 | 200 | 200 | 200 | 200 |
| Holiday Home Fee | 100 | 100 | 100 | 100 | 100 | 100 | 100 | 100 | 100 |
| Pb. College Phy. Edu. Fee | 75 | 75 | 75 | 75 | 75 | 75 | 75 | 75 | 75 |
| World Uni. Services Fee | 50 | 50 | 50 | 50 | 50 | 50 | 50 | 50 | 50 |
| College Development fee | 60 | 60 | 60 | 60 | 60 | 60 | 60 | 60 | 60 |
| N.S.S. Fee | 20 | 20 | 20 | 20 | 20 | 20 | 20 | 20 | 20 |
| Punjab State Higher Edu. Dev. Fee | 10 | 10 | 10 | 10 | 10 | 10 | 10 | 10 | 10 |
| N.C.C. Fee | 40 | 40 | 40 | 40 | 40 | 40 | 40 | 40 | 40 |
| Red Cross Fee | 30 | 30 | 30 | 30 | 30 | 30 | 30 | 30 | 30 |
| Alumni Fee (Colleges) | 100 | 100 | 100 | 100 | 100 | 100 | 100 | 100 | 100 |
| **Total (D)** | **2565** | **2265** | **2565** | **2565** | **2265** | **2265** | **2265** | **2265** | **2265** |
| University Migration Fee* | 1000 | 1000 | 1000 | 1000 | 1000 | 1000 | 1000 | 1000 | 1000 |
| Verification Fee* | 1000 | 1000 | 1000 | 1000 | 1000 | 1000 | 1000 | 1000 | 1000 |
| **Grand Total (A to D)** | **26980** | **27540** | **24580** | **—** | **—** | **—** | **27390** | **28390** | **29840** |
| **Total with Computer Science** | | | | **23180** | **24640** | **23680** | | | |
| **Total with Physical Education** | | | | **22280** | **—** | **22880** | | | |
| **Total without Computer Sc. & Phy. Edu.** | | | | **18680** | **—** | **18580** | | | |

***Wherever is applicable**

**Note :** 1. The student who leave college, must withdraw his/her security by end-December of the year, otherwise it will lapse.
2. GNDU Semester Examination Fee will be extra.
3. Fee from SC Students will be charged as per the guidelines of Punjab Govt.

## Schedule of College Vacation and Other Holidays

| | | | |
|---|---|---|---|
| **Summer Vacation** | **10.06.2023** | **to** | **09.07.2023** |
| **Winter Break** | **28.12.2023** | **to** | **14.01.2024** |

**(a) Compulsory Holidays**

| | | |
|---|---|---|
| 1. | Republic Day | 26.01.2023 |
| 2. | Holi | 18.03.2023 |
| 3. | Baisakhi/Birthday Dr. B.R . Ambedkar | 14.04.2023 |
| 4. | Independence Day | 15.08.2023 |
| 5. | Jamanashtami | 19.09.2023 |
| 6. | Birthday of Mahatama Gandhi | 02.10.2023 |
| 7. | Dussehra | 24.10.2023 |
| 8. | Diwali | 12.11.2023 |
| 9. | Birthday of Sri Guru Nanak Dev Ji | 08.11.2023 |
| 10. | Birthday of Sri Guru Gobind Singh Ji | 00.12.2023 |

**(b) Optional Holidays**

| | | |
|---|---|---|
| 1. | Lohri | 13.01.2023 |
| 2. | Saheedi Divas Sri Guru Arjan Dev Ji | 23.05.2023 |
| 3. | Vishavkarma Divas | 13.11.2023 |

## Ragging Banned

**(As per the verdict of Hon'ble Supreme Court )**

### Forms of Ragging

Display of noisy, disorderly conduct, teasing excitement by rough or rude treatment of handling, including rowdy, indisciplined activities, which cause or likely to cause annoyance, undue hardship, physical or psychological harm or raise apprehension or fear in a fresher, or asking the students do any act or perform something which such a student will not do in the ordinary course and which causes him/her shame or embarrassment or danger to his/her life. etc.

### Punishment for Ragging

1. Cancellation of admission.
2. Suspension for attending classes.
3. Withholding/withdrawing scholarship/fellowship and other benefits.
4. Debarring from appearing in test/examination or other evaluation process.
5. Withholding results.
6. Debarring from representing the institution in any national or international meet, tournament youth festival, etc.
7. Suspension/expulsion from the hostel.
8. Rustication from the institution for periods varying from one to four semesters.
9. Expulsion from the institution and consequent debarring from admission to any other institution.
10. Fine up to Rs. 25000/-

## Anti-Ragging Cell

*In case of any complaint, students can contact:*

**Mrs. Navpreet Kaur 98155-60188**
**Dr. (Mrs.) Ranjit Kaur 98729-22820**
**Prof. Navneet Singh 99889-96166**

## Prospectus Disclaimer

This prospectus is just a reference guide for College/Guru Nanak Dev University, Amritsar rules. Any course/facility can be changed or withdrawn at any time. Eligibility of admission to any class is subject to change as and when communicated by the University. Fees quoted may vary as per Punjab Government/GNDU decision. In any case of the dispute, the jurisdiction of court is at Kapurthala (Punjab) only.



Miss. Maninder Kaur receiving her M.A. (Pol Sc.) Degree from Chief Guest Dr. T.S. Benipal, Dean, College Development Council, G.N.D.U., Amritsar



University Merit Position Holder, Miss Kamaldeep Kaur, BA Sem.-IV being honoured by Vice President (College Management Committee) Sant Tarlok Singh Ji along with Principal and Staff



Honourable Cabinet Sports Minister (GOI) Sh. Anurag Thakur honouring college, Principal with Inter College General Championship Trophy



Best Athlete of college, Simaranjit Kaur B.Com. Sem. VI along with college Principal and Staff.




Annual Prize Distribution function Chief Guest Dr. Rajesh Kumar, Dean Arts and Social Science, GNDU (Asr.), honoured by college Managing Committee Vice President Sant Tarlok Singh Ji and dignitaries



College Men Cricket Team won GNDU Inter College Competition.

ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲਾ (ਕਪੂਰਥਲਾ)

**Guru Nanak Prem Karamsar College, Nadala (Kapurthala)**

01822-510727, 271827

gnpkscollegenadala@yahoo.com

www.gnpkscollege.ac.in

@gnpkscollegeofficialpage

Kapoor Computer & Printer 95011-01832